ੴ ਸਤਿਗੁਰ ਪ੍ਰਸਾਦਿ ॥

**ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖ ਨ ਲੇਖ ॥**
**ਆਪਨੜੇ ਗਿਰੀਵਾਨ ਮਹਿ, ਸਿਰੁ ਨੀਵਾ ਕਰਿ ਦੇਖੁ ॥ ੬ ॥**{੧੩੭੮}

ਸਤਿਕਾਰਤ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਜੀਓ, **੨੯ ਮਈ ੧੯੯੯.**

ਵਹਿਗੁਰੂ ਜੀ ਕਾ ਖ਼ਾਲਸਾ । ਵਹਿਗੁਰੂ ਜੀ ਕੀ ਫ਼ਤਹਿ ॥

**(1)** ੨੧ ਜਨਵਰੀ ੧੯੯੯ ਨੂੰ ਲਿਖੇ ਪੱਤਰ ਦੀ ਲੜੀ ਵਿਚ ਬੇਨਤੀ ਹੈ ਕਿ, ਨਿਊਯਾਰਕ ਵਾਸੀ ਸੁਹਿਰਦ ਗੁਰਸਿੱਖ ਨੇ ਆਪ ਜੀ ਦੇ ਭਾਗਾਂ ਵਾਲੇ ਸੁਨੱਖੇ ਸਰੂਪ ਦੀ ਤਸਵੀਰ ਵਾਲੀ, ਮਿਤੀ ੨੬ ਫ਼ਰਵਰੀ (੧੯੯੯) ਦੇ ਅਖ਼ਬਾਰੀ ਬਿਆਨ ਦੀ ਕਟਿੰਗ ਭੇਜੀ ਹੈ, ਜਿਸ ਦੇ ਦੂਜੇ ਪਾਸੇ ਇਹ ਚਿੱਠੀ ਛਾਪੀ ਜਾ ਰਹੀ ਹੈ ਜੀ। ਬਿਆਨ ਦਾ ਸਿਰਲੇਖ ਹੈ," **ਦੇਸ਼-ਵਿਦੇਸ਼ ਦੇ ਲੋਕਾਂ ਲਈ ਖਿੱਚ ਦਾ ਕੇਂਦਰ ਬਣੇਗਾ ਅਨੰਦਪੁਰ ਸਾਹਿਬ "-ਪ੍ਰੋ: ਮਨਜੀਤ ਸਿੰਘ।** ਹੇਠਾਂ, ਬਿਆਨ ਵਿਚ, ਪੰਜਾਬ ਸਰਕਾਰ ਦੀਆਂ ਲਿਖੀਆਂ ਵਡਿਆਈਆਂ ਦਾ ਵੇਰਵਾ ਇਸ ਪ੍ਰਕਾਰ ਹੈ:-

(ੳ) ਅਨੰਦਪੁਰ ਸਾਹਿਬ ਨੂੰ ਸੰਸਾਰ ਦਾ ਅਠਵਾਂ ਅਜੂਬਾ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਦੇ ਯਤਨ ਵਿਚ ਅਨੰਦ ਪੁਰ ਸਾਹਿਬ ਵਿਚ ' ਸਪੀਕਿੰਗ ਮਿਊਜ਼ੀਅਮ ਬਣਾਉਣਾ, ਅਨੰਦਪੁਰ ਸਾਹਿਬ ਦੀ **ਧਰਤੀ ਨੂੰ** ਹਰ ਪੱਖੋਂ ਖ਼ੂਬਸੂਰਤ ਬਣਾ ਕੇ ਸੰਸਾਰ ਲਈ ਵੱਡੀ ਖਿੱਚ ਦਾ ਕਾਰਨ ਬਣਾਉਣ ਲਈ:- ,

(ਅ) ਘਰਾਂ ਤੋਂ ਅਥਵਾ ਦੁਕਾਨਾਂ ਤੋਂ ਬੇਦਖ਼ਲ ਕੀਤੇ ਗਏ ਲੋਕਾਂ ਨਾਲ ਸਰਕਾਰ ਨੇ ਕੋਈ ਧੱਕਾ ਨਹੀਂ ਕੀਤਾ,

(ੲ) ਅਨੰਦਪੁਰ ਸਾਹਿਬ ਦੀ ਧਰਤੀ ਦੇ ਇਤਿਹਾਸ ਬਾਰੇ ਫਿਲਮ ਬਣਾ ਦੇਣ ਦੀ ਮੁਹੱਤਤਾ, ਆਦਿ ਆਦਿ ।

(ਸ) ਨਾਲ ਹੀ ਮਾਇਆ ਦੀ ਥੁੜ ਦਰਸਾਉਣ ਵਿਚ ਲੁਕਿਆ ਮਾਇਆ ਦੀ ਉਗਰਾਹੀ ਲਈ ਹੁਕਮਨਾਮਾ ?

**ਅਖ਼ਬਾਰਾਂ ਦੁਆਰਾ ਉਪ੍ਰੋਕਤ ਘੋਸ਼ਨਾ** ਕਰਨ ਤੋਂ ਪਹਿਲਾਂ ਤੁਹਾਨੂੰ ਇਹ ਯਕੀਨ ਕਿਵੇਂ ਹੋ ਚੁੱਕਾ ਸੀ ਕਿ, ਤੁਹਾਡੇ ਇਹ ਬਚਨ, ਉਨ੍ਹਾਂ ਸੁਹਿਰਦ ਗੁਰਸਿੱਖਾਂ ਲਈ ਸਖ਼ਤ ਦੁਖਦਾਈ ਅਤੇ ਹੈਰਾਨੀ ਦਾ ਸਬੱਬ ਨਹੀਂ ਹਨ, ਜਿਨ੍ਹਾਂ ਦੇ ਗੁਰਮੁਖ ਹਿਰਦਿਆਂ ਨੇ ਪੱਕੇ ਤੌਰ ਤੇ ਵਿਸ਼ਵਾਸ਼ ਕਬੂਲ ਕਰ ਲਿਆਂ ਹੋਇਆ ਹੈ ਕਿ, **ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਦਾ ਕਣ ਕਣ**- {(ੳ) ਬਰਕਤਾਂ ਵਾਲੀ ਬਣਨ ਦਾ ਮਾਣ ਬਖ਼ਸ਼ਸ਼ ਕਰਨ ਲਈ ਇਸ ਪਾਵਨ ਧਰਤੀ ਦੀ ਚੋਣ ਸਤਿਗੁਰੂ ਤੇਗਬਹਾਦੁਰ ਸਾਹਿਬ ਜੀ ਨੇ ਆਪ ਕੀਤੀ ਹੋਣ ਤੋਂ (ਅ) ਇਸ ਧਰਤੀ ਤੇ ਵਾਪਰਦੇ ਰਹੇ ਦਸ਼ਮੇਸ਼ ਜੀ ਦੇ ਲਾ-ਮਿਸਾਲ ਇਤਿਹਾਸਕ ਕਾਰਨਾਮਿਆਂ ਤੋਂ, (ੲ) ਗੁਰਮਤਿ-ਗਿਆਨ ਅਨੁਸਾਰ ਜੀਵਨ-ਜੁਗਤਿ ਬਣਾ ਕੇ, ਦਸਮ ਸਤਿਗੁਰੂ ਨਾਨਕ ਸਾਹਿਬ ਜੀ ਦੀਆਂ ਮਿਹਰਾਂ ਦਾ ਪਾਤਰ ਜਾਣ ਦੇ ਕਾਰਨ, ਇਸੇ ਧਰਤੀ ਤੇ ਖ਼ਾਲਸਾ-ਪੰਥ ਦੇ ਪ੍ਰਗਟ ਹੋਣ ਤੋਂ (ਸ) ਗੁਰੂ ਨਾਨਕ ਸਾਹਿਬ ਜੀ ਦੀ ਜੋਤਿ-ਜੁਗਤਿ ਦੇ ਸਦੀਵੀ ਮਾਲਕ " **ਗੁਰਦੇਵ ਸਤਿਗੁਰ ਪਾਰਬ੍ਰਹਮੁ ਪਰਮੇਸਰੁ**-" ਗੁਰ-ਗ੍ਰੰਥ ਸਾਹਿਬ ਜੀ ਦੀ ਨਿਰੰਤਰ ਹਾਜ਼ਰੀ ਤੋਂ,} ਸੰਸਾਰ ਦੇ ਸਾਰੇ **ਅਜੂਬਿਆਂ** ਦਾ **ਸਿਰਮੋਰ ਅਜੂਬਾ** ਬਣ ਚੁੱਕਾ ਹੋਇਆ ਹੈ ।

ਕਮਾਲ ਹੈ ਆਪ ਜੀ ਦੀ ਅੰਤਰਯਾਮਤਾ ਕਿ, ਬਿਆਨ ਦੇਣ ਤੋਂ ਪਹਿਲਾਂ ਤੁਸਾਂ ਇਹ ਨਿਰਣਾ ਝੱਟ ਕਰ ਲਿਆ ਕਿ, ਪੰਥ ਵਿਚ ਬਹੁ-ਗਿਣਤੀ ਉਨ੍ਹਾਂ ਗੁਰਸਿੱਖਾਂ ਦੀ ਹੀ ਹੈ, ਜਿਨ੍ਹਾਂ ਦੇ ਹਿਰਦੇ ਵਿਚ ਸਤਿਗੁਰਾਂ ਪ੍ਰਤੀ ਉਪ੍ਰੋਕਿਤ ਵਰਣਨ ਸ਼ਰਧਾ ਅਤੇ ਵਿਸ਼ਵਾਸ਼ ਦੀ ਲੇਸ ਮਾਤ੍ਰ ਵੀ ਨਾ ਹੋਣ ਦੇ ਕਾਰਨ, ਰਾਤ ਦਿਨ, ਸੁਪਨੇ ਲੈ ਰਹੇ ਸਨ ਕਿ, ਅਨੰਦਪੁਰ ਦੀ ਧਰਤੀ ਨੂੰ ਕਿਹੜੇ ਵੇਲੇ ਸੰਸੰਰ ਦਾ ਅਠਵਾਂ ਅਜੂਬਾ ਬਣਾਇਆ ਜਾਵੇ ?

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥** " {੭੬੭}

ਧਰਮ ਅਸਥਾਨਾਂ ਨੂੰ ਲੋਕਾਂ ਲਈ ਖਿੱਚ ਦਾ ਕਾਰਨ ਬਣਾਉਣ ਦੀ ਲੱਗੀ ਦੌੜ ਵਿਚ ਅੱਗੇ ਲੰਘ ਜਾਣ ਲਈ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦਾ ਏਡੇ ਜ਼ੋਰ ਸ਼ੋਰ ਨਾਲ ਯਤਨ ਸ਼ੀਲ ਬਣਨਾ, ਜਿਨ੍ਹਾਂ ਕਾਰਨਾਂ ਤੋਂ ਦਾਸ ਨੂੰ **ਗੁਰਮਤਿ ਵਿਰੋਧੀ ਹੋ ਦਿਸਿਆ ਹੈ**, ਅਤੇ ਗੁਰੂ ਪੰਥ ਦੇ ਹਿਤਾਂ ਲਈ ਵਡਾ ਹਾਨੀ ਕਾਰਕ ਹੋਣ ਭੈ ਬਣਿਆਂ ਹੈ, ਉਨ੍ਹਾਂ ਕਾਰਨਾ ਨੂੰ ਸਪੱਸ਼ਟ ਕਰਨ ਲਈ ਬਹੁ-ਪੱਖੀ ਗੁਰਮਤਿ ਵਿਚਾਰ ਲਿਖ ਭੇਜਣ ਦੀ ਗੁਸਤਾਖ਼ੀ ਲਈ ਖਿਮਾ ਦਾ ਜਾਚਕ ਹਾਂ।

## ੧) ਧਰਮ ਅਸਥਾਨ ਸਿਰਜੇ ਜਾਣ ਦੇ ਪਿਛੋਕੜ ਵੱਲ ਪੰਖੀ-ਅੱਖ ਝਾਤੀ:-

(ੳ)) ਪਰਲੇ ਦਰਜੇ ਦੇ ਦੂਰਦ੍ਰਿਸ਼ਟ ਬਿੱਪ੍ਰ ਜੀ ਨੇ, ਮਨੁੱਖੀ ਸੁਭਾ ਦੀ ਇਸ ਕਮਜ਼ੋਰੀ ਨੂੰ ਤਾੜ ਲਿਆ ਹੋਇਆ ਸੀ ਕਿ, ਧਰਮ ਦੇ ਨਾਮ ਤੇ ਬੋਲਿਆ, ਜਾਂ ਲਿਖਿਆ, ਵੱਡੇ ਤੋਂ ਵਡਾ **ਝੂਠ**, ਭਾਵੇਂ ਕੁਦਰਤੀ ਨੇਮਾਂ ਦੇ ਉਲਟ ਹੀ ਕਿਉਂ ਨਾ ਹੋਵੇ, ਸਮੇ ਨਾਲ ਆਪਣੇ ਆਪ ਹੀ ਲੋਕਾਂ ਲਈ ਪੂਰਨ ਸੱਚ ਬਣ ਜਾਂਦਾ ਹੈ। ਇਹ ਤੱਥ ਵੀ ਤੁਹਾਥੋਂ ਲੁਕੇ ਹੋਏ ਨਹੀਂ ਹਨ ਕਿ, ਹੁਸ਼ਿਆਰ ਬ੍ਰਾਹਮਣ ਨੇ, ਆਪਣੇ ਲਿਖੇ ਧਰਮ ਗ੍ਰੰਥਾਂ ਦੇ ਹੀ ਅਧਾਰ ਤੇ ਕਈ ਨਾਵਾਂ ਅਤੇ ਅੱਡ ਅੱਡ ਸ਼ਕਲਾਂ ਵਾਲੇ ਭਗਵਾਨ ਤੇ ਦੇਵੀ ਦੇਵਤਿਆਂ ਦੀ ਗਿਣਤੀ ੩੩ ਕ੍ਰੋੜ ਤੱਕ ਹੋਣ ਦਾ (ਗੁਰਮਤਿ ਵਿਰੋਧੀ) ਭਰਮ (ਸ਼ਾਇਦ) ਸਦੀਵੀ ਤੌਰ ਤੇ ਪੱਕਾ ਕਰ ਦਿੱਤਾ, ਅਤੇ ਉਸ ਨੇ ਲੋਕਾਂ ਨੂੰ ਨਿਰੋਲ ਆਪਣੀ ਕਲਪਨਾ ਦੀ ਉਪਜ ਦੇਵੀ-ਦੇਵਤਿਆ ਦੀਆਂ ਮੂਰਤੀਆਂ ਦਾ (ਅਥਵਾ ਝੂਠ ਦਾ) ਪੁਜਾਰੀ ਬਣਾ ਲਿਆ। ਫਿਰ, ਅਪਣੇ ਹੱਥੀ ਬਣਾਈਆਂ ਮੂਰਤੀਆਂ ਲਈ, ਲੋਕਾਂ ਦੀ ਕਮਾਈ ਤੋਂ **ਮੰਦਰ** ਬਣਾ ਕੇ ਆਪ ਪੁਜਾਰੀ ਬਣ ਬੈਠਾ। ਉਨ੍ਹਾਂ ਦੇਵ-ਮੂਰਤੀਆਂ-ਰੂਪ ਨਿਰੋਲ ਝੂਠ ਨੂੰ ਅਪਾਰ ਦੈਵੀ ਸ਼ਕਤੀਆਂ ਦਾ ਮਾਲਕ ਬਣਾ ਲਿਆ। ਝੂਠ ਕਹਾਣੀਆਂ ਦੇ ਨਾਇਕ ਇਨ੍ਹਾਂ ਦੇਵੀ ਦੇਵਤਿਆਂ ਦੀ ਕ੍ਰੋਪੀ ਦਾ ਕਾਰਨ ਮਨੁੱਖਾਂ ਦੇ ਪਾਪ-ਕਰਮ ਅਤੇ ਪਾਪਾਂ ਦਾ ਨਾਸ ਕਰਨ ਲਈ ਦੇਵੀ-ਦੇਵਤੇ-ਭਗਵਾਨਾਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਪ੍ਰੋਹਿਤ ਜੀ ਨੇ, ਧਨ-ਦੌਲਤ ਦੇ, ਅਥਵਾ ਕਈ ਤਰ੍ਹਾਂ ਦੇ ਕੀਮਤੀ ਪਦਾਰਥਾਂ (ਹੀਰੇ,ਲਾਲ ਮੋਤੀ, ਸੋਨਾ ਚਾਂਦੀ, ਭੁਇੰ , ਹਾਥੀ, ਘੋੜੇ ਅਥਵਾ ਸੁੰਦਰ ਧੀਆਂ ਆਦਿਕ, ਜਿੰਨਾ ਗੁੜ ਉਨਾ ਮਿੱਠਾ ਦੇ ਅਸੂਲ) ਦੇ ਦਾਨ-

ਪੁੰਨ, ਅੱਡ ਅੱਡ ਨਾਵਾਂ ਵਾਲੇ ਕਈ ਕਈ ਵਿਧੀਆਂ ਨਾਲ ਕੀਤੇ ਮੰਤ੍ਰ-ਪਾਠਾਂ ਦੁਆਰਾ ਕਈ ਪ੍ਰਕਾਰ ਦੀਆਂ ਕੁਰਬਾਨੀਆਂ ਨਾਲ ਸੰਬੰਧਤ ਜੱਗ, ਹਵਨ, ਪੂਜਾ-ਵੰਦਨਾ, ਜਪ-ਤਪ, ਤੀਰਥ-ਇਸ਼ਨਾਨ ਅਦਿ ਬੇਅੰਤ ਧਰਮ-ਕਰਮ ਮਿਥ ਦਿੱਤੇ।

## ਯਾਤਰੂਆਂ ਦੀ ਭੀੜ ਵਿਚ ਜਿੰਨਾ ਵਾਧਾ ਓਨਾ ਹੀ " ਗੋਲਕ " ਦਾ ਢਿੱਡ ਭਾਰੀ-

ਜਿਵੇਂ **ਅੱਜ ਤੁਸੀਂ** (ਧਰਤੀ-ਮਾਤਾ ਨੂੰ ' ਸਪੀਕਿੰਗ ਮਿਊਜ਼ੀਅਮ ' ਆਦਿ ਰੂਪੀ, **ਸੁਰਖੀ ਬਿੰਦੀ** ਲਾ ਕੇ,) ਸ੍ਰੀ ਅਨੰਦੁ ਪੁਰ ਸਾਹਿਬ ਵਿਖੇ ਯਾਤਰੂਆਂ ਦੀਆਂ ਭੀੜਾਂ ਵਧਾਉਣ ਦੀ ਅਦੁਤੀ ਸੇਵਾ ਸੰਭਾਲੀ ਹੋਈ ਹੈ, ਐਨ ਏਸੇ ਤਰ੍ਹਾਂ ਹੀ, ਬ੍ਰਾਹਮਣ ਦੇ ਮਾਇਆ-ਵਹੇੜੇ ਤ੍ਰਿਸ਼ਨਾਲੂ ਮਨ ਨੇ ਵੀ, ਦੇਵੀ ਦੇਵਤੇ-ਭਗਵਾਨਾਂ-ਰੂਪ **ਝੂਠ** ਨੂੰ ਸੱਚ ਦਾ ਰੂਪ ਦੇਣ ਲਈ, (ਮਨੁੱਖੀ ਮਨ ਨੂੰ ਖਿੱਚ ਪਾਉਣ ਵਾਲੀਆਂ) ਕਈ ਤਰ੍ਹਾਂ ਦੀਆਂ ਆਕਰਸ਼ਕ ਦੇਵ-ਮੂਰਤੀਆਂ ਬਣਾ ਕੇ ਮੰਦਿਰਾਂ ਵਿਚ ਲਿਆ ਟਿਕਾਈਆਂ ਸਨ। ਲਹੂ-ਪਸੀਨਾ ਇੱਕ ਕਰਕੇ ਕੀਤੀ ਲੋਕਾਂ ਦੀ ਹੱਕ-ਹਲਾਲ ਦੀ ਕਮਾਈ ਤੋਂ, ਮੰਦਰਾਂ ਵਿਚ ਮਾਇਆ ਦੇ ਢੇਰ, ਉੱਚੇ ਤੋਂ ਉੱਚੇ ਹੁੰਦੇ ਗਏ ॥ ਮੰਦਿਰ ਦੀ ਗੋਲਕ ਵਿਚ ਚੜ੍ਹਤ-ਚੜ੍ਹਾਵੇ ਦੇ **ਧਨ ਦਾ ਚੰਗਾ ਚੋਖਾ ਵਾਧਾ** ਹੋਣਾਂ ਅਰੰਭ ਹੋ ਗਿਆ।

ਝੂਠ ਦੀ ਉਪਜ ਇਨ੍ਹਾਂ ਦੇਵ-ਮੰਦਰਾਂ ਨੂੰ ਲੋਕਾਂ ਲਈ ਵੱਧ ਖਿੱਚ ਪੈਦਾ ਕਰਨ ਵਾਲੇ ਬਨਾਉਣ ਦੀ ਯੋਜਨਾਂ ਅਧੀਨ, ਬ੍ਰਾਹਮਣ-ਗੁਰੂ ਨੇ ਭਗਵਾਨਾਂ ਦੇ ਇਹ ਮੰਦਿਰ, ਕੇਵਲ **ਸੋਨੇ ਚਾਂਦੀ ਦੀਆਂ ਕੰਧਾਂ ਵਾਲੇ ਹੀ ਨਹੀਂ ਸਨ ਬਣਾਏ, ਸਗੋਂ ਕਈ ਥਾਂਈਂ ਅੱਜ ਵੀ ਅਜੇਹੇ ਮੰਦਰ ਵੇਖੇ ਜਾ ਸਕਦੇ ਹਨ, ਜਿਨ੍ਹਾਂ ਦੀਆਂ ਛੱਤਾਂ-ਦੀਵਾਰਾਂ, ਦਰਵਾਜ਼ੇ ਅਦਿ ਵਡਮੁੱਲੇ ਰਤਨਾਂ, ਹੀਰਿਆਂ ਨਾਲ ਜੜਤ ਹਨ।** {ਮਹਾਨ ਕੋਸ਼ ਦੇ ੨੩੩ ਸਫ਼ੇ ਤੇ ਸੋਮਨਾਥ ਮੰਦਰ ਦੀ ਮਹਮੂਦ ਗ਼ਜ਼ਨਵੀ ਦੀ ਲੁੱਟ ਦਾ ਵੇਰਵਾ ਦਿੰਦਿਆਂ ਮੰਦਿਰ ਬਾਰੇ ਇਉਂ ਵੀ ਲਿਖਿਆ ਹੈ-" **ਇਸ ਦੇ ਰਤਨਾਂ ਨਾਲ ਜੜੇ ਹੋਏ ੫੬ ਥਮਲੇ ਸਨ ਅਰ ਦੋ ਸੌ ਮਣ ਦਾ ਸੋਇਨੇ ਦਾ (Goldn) ਜੰਜੀਰ ਛੱਤ ਨਾਲ ਲਟਕਦਾ ਸੀ** "}

ਰੱਬ ਜੀ ਦੇ ਇਨ੍ਹਾਂ ਘਰਾਂ ਨੂੰ ਹੋਰ ਵੀ ਵਧ ਖਿੱਚ ਵਾਲੇ ਬਣਾਉਣ ਲਈ ਪੁਜਾਰੀ ਜੀ ਨੇ ਨਾਚ ਗਾਣੇ ਵਿੱਚ ਪ੍ਰਵੀਣ, ਅਥਵਾ ਕਾਮ-ਭੁੱਖ ਨੂੰ ਵਧਾਉਣ ਵਾਲੇ ਹਾਵ-ਭਾਵ ਕਰਨ ਵਿਚ ਨਿਪੁੰਨ, ਸੁੰਦਰ ਇਸਤ੍ਰੀਆਂ (ਰਾਮਦਾਸੀਆਂ ਅਥਵਾ ਰਾਮਜਣੀਆਂ) ਦੀ ਹੇੜ੍ਹ ਵੀ ਮੰਦਰਾਂ ਵਿਚ ਰੱਖਣੀ ਅਰੰਭ ਕਰ ਦਿੱਤੀ ਸੀ (ਇਸ ਰਿਵਾਜ ਦਾ ਬੀਜ ਅਜੇ ਵੀ ਨਾਸ ਨਹੀਂ ਹੋਇਆ)। ਏਥੇ ਹੀ ਬੱਸ ਨਹੀਂ, ਕਈ ਮੰਦਰਾਂ ਵਿਚ ਇਸਤ੍ਰੀ ਦੇ ਪ੍ਰਗਟ ਅਤੇ ਗੁਪਤ ਅੰਗਾਂ ਦੀਆਂ ਕਾਮ ਉਤੇਜਨਾਂ ਭੜਕਾਉਣ ਵਾਲੀਆਂ ਮੂਰਤੀਆਂ ਹਨ। ਕਾਮ ਦੇਵਤਾ ਜੀ ਦੇ ਮੰਦਰਾਂ ਵਿਚ, ਕਈ ਆਸਣਾ ਵਿਚ ਕਾਮ-ਭੋਗ ਕਰਦੇ ਜਵਾਨ ਇਸਤ੍ਰੀ ਮਰਦਾਂ ਦੀਆਂ ਅਸ਼ਲੀਲ ਮੂਰਤੀਆਂ ਬਣਾ ਲਈਆਂ। ਬਿੱਪ੍ਰ ਜੀ ਦੇ ਦਿਮਾਗ਼ ਦੀ ਇਸ ਬੇਬਾਕਾਨਾ ਕਾਢ ਨੇ, ਕਾਮ ਦੇਵਤਾ ਜੀ ਦੇ ਮੰਦਰਾਂ ਨੂੰ " ਦੇਸ਼-ਵਿਦੇਸ਼ ਦੇ ਯਾਤਰੂਆਂ ਲਈ ਅਜੇਹੀ ਅਪਾਰ ਖਿੱਚ ਦਾ ਕਾਰਨ ਬਣਾ ਲਿਆਂ ਕਿ, ਦੇਸ਼-ਵਿਦੇਸ਼ ਵਿਚਲੇ ਅਨ-ਧਰਮੀ ਦਰਸ਼ਕਾਂ ਦੀਆਂ ਭੀੜਾਂ ਵੀ ਬਹੁਤ ਤੋਂ ਬਹੁਤ ਵਧਦੀਆਂ ਹੀ ਤੁਰੀਆਂ ਜਾ ਰਹੀਆਂ ਹਨ। ਚੜ੍ਹਤ ਚੜਾਵੇ ਦੇ ਧਨ ਵਿਚ ਵਾਧਾ, ਹੁੰਦਾ ਰਹਿਣਾ ਚਾਹੀਦਾ ਹੈ, ਧਰਮ ਪ੍ਰਤੀ ਬਣੇ ਵਿਸ਼ਵਾਸ਼ ਵਿਚ ਲੋੜੀਂਦਾ ਮੋੜ ਦੇ ਲੈਣਾ, **ਧਾਰਮਿਕ-ਆਗੂ ਦੇ** " ਲਈ ਬੜੀ ਮਾਮੂਲੀ ਗੱਲ ਹੁੰਦੀ ਹੈ।

ਇਤਿਹਾਸਕ ਸਚਾਈ ਹੈ ਕਿ, ਸੰਸਾਰ ਵਿਚ ਰੱਬ ਦੇ ਘਰ ਸਭ ਤੋਂ ਪਹਿਲਾਂ ਬ੍ਰਾਹਮਣ ਨੇ ਬਣਾਏ ਸਨ। ਜਿਸ ਪਰਮ ਸ਼ਕਤੀ ਪਰਮਾਤਮਾ ਦਾ ਮਹਲ, ਜਿਸ ਦਾ ਤਖ਼ਤ ਸਾਰੀ (ਅਪਾਰ) ਸ੍ਰਿਸ਼ਟੀ ਦਾ ਕਣ ਕਣ ਹੈ, ਲਾ-ਮਹਿਦੂਦ ਸ੍ਰਿਸ਼ਟੀ-ਸਿਰਜਣਾ, ਜਿਸ ਸਿਰਜਣਹਾਰ ਦਾ ਆਪਣਾ ਵਜੂਦ ਹੈ, ਸੰਸਾਰ ਦੀ ਦਿਸਦੀ ਅਣ-ਦਿਸਦੀ ਹਰ ਇੱਕ ਸ਼ੈ ਨੂੰ ਨੱਥੀ ਬੈਠੇ ਉਸ ਅਬਿਨਾਸ਼ੀ ਪਰਮ-ਨਾਥ ਲਈ ਨਾਸਵੰਤ ਹੱਥਾਂ ਨਾਲ, ਬਿਨਾਸੀ ਘਰ ਬਣਾਉਣੇ, ਨਿਰਸੰਦੇਹ, **ਲੋਭੀ ਅਤੇ ਝੂਠੇ ਬਿੱਪਰ ਦਾ ਝੂਠਾ ਬ੍ਰਾਹਮਣ-ਵਾਦ ਹੀ ਹੈ। ਗੰਭੀਰ ਖ਼ਤਰਾ--**

ਇਸ ਸਚਾਈ ਦਾ ਵੀ ਆਪ ਜੀ ਨੂੰ ਪੂਰਾ ਗਿਆਨ ਹੈ ਕਿ, ਬ੍ਰਾਹਮਣ ਕੋਲ ਮੰਦਰਾਂ ਵਿਚ ਪੱਥਰ ਦੀ ਨਾਸਵੰਤ ਝੂਠ-ਮੂਰਤੀ, ਮਨੁੱਖ ਦੇ ਵੇਖਣ ਗੋਚਰਾ, ਛਲਾਵਾ ਹੀ ਸੀ। ਬੇਜਾਨ ਮੂਰਤੀ ਤੋਂ ਕਿਸੇ ਨੂੰ ਸਿਵਾਏ ਝੂਠ-ਭਰਮ ਦੇ, ਕੋਈ ਲਾਭ ਕੀ ਹੋ ਸਦਣਾ ਸੀ ? ਕਿੰਨਾ ਕੁ ਚਿਰ ਇਹ ਮੰਦਰ ਮਨੁੱਖ ਲਈ ਖਿੱਚ ਦਾ ਕਾਰਨ ਬਣੇ ਰਹਿ ਸਕਦੇ ਸਨ ? ਸਪੱਸ਼ਟ ਹੈ ਕਿ, ਜੇ ਬ੍ਰਾਹਮਣ ਇਨ੍ਹਾਂ ਮੰਦਰਾਂ ਨੂੰ ਉਪ੍ਰੋਕਤ ਵਰਣਨ ਨਾਸਵੰਤ-ਨਜਾਰਿਆਂ ਨਾਲ ਲੋਕਾਂ ਲਈ ਖਿੱਚ ਦਾ ਕਾਰਨ ਨਾ ਬਣਾਉਂਦਾ ਤਾਂ ਮਾਇਆ ਦੀ ਵਰਖਾ ਕਰ ਰਹੇ ਯਾਤਰੂਆਂ ਦੀਆਂ ਭੀੜਾ ਹੌਲੀ ਹੌਲੀ ਅਲੋਪ ਹੋ ਜਾਣੀਆਂ ਸਨ। ਪਰ ਤੁਹਾਡੇ ਕੋਲ ਤਾਂ " ਪਿਉ ਦਾਦੇ " ਵਲੋਂ ਮਿਲਿਆਂ, ਸਦੀਵੀ ਸਚਾਈ ਸ਼ਾਂਭੀ ਬੈਠਾ, ਹਰ ਪੱਖੋਂ ਨਿਆਰੇ ਗਿਆਨ ਦਾ ਅਜੇਹਾ ਅਥਾਹ ਭੰਡਾਰਾ ਹੈ ਕਿ. ਜੋ ਸਾਰੇ ਸੰਸਾਰ ਨੂੰ ਨਿਤ ਵਰਤਾਈ ਰੱਖੋ ਤਾਂ ਕਦੇ ਤੋਟ ਨਾ ਆਵੇ। ਪਰ ਤੁਸੀ' **ਸਗੋਂ** ...... ?

ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੀਆਂ ਸਿੰਘ-ਬੱਚੀਆਂ ਦੀ ਪੁਲਸੀਆਂ ਦੁਆਰਾ ਲਈ ਜਾਂਦੀ ਤਲਾਸ਼ੀ ਝੱਲ ਚੁੱਕੇ ਅਜੋਕੇ " ਸਿੰਘ ਸਾਹਿਬ ਜੀ " ਖ਼ਾਲਸਈ ਆਨ-ਬਾਨ ਦੇ ਪ੍ਰਤੀਕ ਰਹਿ ਚੁੱਕੇ, ਧਰਮ ਅਸਥਾਨਾਂ ਨੂੰ ਵੱਧ ਤੋਂ ਵੱਧ ਖਿੱਚ ਵਾਲੇ ਬਣਾਉਣ ਲਈ, ਬਰਹਮਣੀ-ਲੀਹਾਂ ਤੇ ਚਾਲੇ ਪਾ ਤੁਰੇ ਜਥੇਦਾਰ ਸਾਹਿਬ ਜੀ ਤੋਂ ਡਰ ਪੈਦਾ ਹੋਣਾ ਕੁਦਰਤੀ ਗਲ ਹੈ ਕਿ, ਕਿਤੇ ਕਿਸੇ ਸਮੇਂ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ-ਜੁਗਤਿ ਦੇ ਸਦੀਵੀ ਮਾਲਕ ਦੇ ਦਰਬਾਰ ਵਿਚ ਵੀ ਰਾਮਜਣੀਆਂ ਦਾ ਨਾਚ ਗਾਣਾ ਅਥਵਾ ਕਾਮ-ਖਿੱਚ ਵਾਲੇ ਹੋਰ ਬ੍ਰਾਹਮਣੀ ਕਾਰੇ ਵੀ ਅਰੰਭ ਨਾ ਕਰ ਲੈਣ ?

## ੨) ਗੁਰੂ ਨਾਨਕ ਸਾਹਿਬ ਜੀ ਦੀ ਸੰਸਾਰ ਨੂੰ ਦੇਣ-

੧੪੬੯ ਵਿਚ ਨਨਕਾਣਾ ਸਾਹਿਬ (-ਤਲਵੰਡੀ-ਜ਼ਿਲਾ ਪੰਜਾਬ-ਪਾਕਿਸਤਾਨ) ਵਿਖੇ ਧੁਰੋਂ ਤਸ਼ਰੀਫ਼ ਆਵਰ ਹੋਏ, ਸਤਿਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਵਿਚ ਅਜੇਹਾ ਧਰਮ ਚਲਾਇਆ ਜੋ ਹਰ ਪਰਕਾਰ ਦੀਆਂ ਕਰਮ ਕਾਂਡੀ-ਭਰਮ ਬੰਧਨਾ ਤੋਂ {=**ਤੈਡੀ ਬੰਦਸਿ ਮੈ ਕੋਇ ਨ, ਡਿਠਾ ਤੂ ਨਾਨਕ ਮਨਿ ਭਾਣਾ ॥ ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥ ੧ ॥** (੯੬੪)}, ਮੁਕਤਿ, ਹਰ ਪ੍ਰਕਾਰ ਦੇ ਭਰਮਾਂ ਭੁਲੇਖਿਆਂ ਦੀ ਮੈਲ ਤੋਂ ਨਿਰਮਲ ਸੀ। ਧਾਰਮਿਕ ਰੰਗਣ ਵਿਚ ਗੜੁੱਚ, ਨਿਆਰੀ ਜੀਵਨ ਜੁਗਤ-ਰੂਪ ਇਹ ਸਿੱਖੀ ਧਰਮ, ਬਿਨਾ ਕਿਸੇ ਕਿੰਤੂ-ਪ੍ਰੰਤੂ ਦੇ, ਸੰਸਾਰ ਦੇ ਪ੍ਰਾਣੀ ਮਾਤ੍ਰ ਲਈ ਪ੍ਰਵਾਣਤ (**Acceptable**) ਹੋਣ ਦਾ ਉਜਾਗਰ ਇਤਿਹਾਸਕ ਸਬੂਤ ਇਹ ਹੈ ਕਿ, ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਕਾਲ ਵਿਚ ਹੀ ਭਾਰਤ, ਬ੍ਰਹਮਾ, ਲੰਕਾ, ਅਫ਼ਗਾਨਿਸਤਾਨ ਤੋਂ ਅਰਬ ਦੇਸ਼ਾਂ ਦੇ ਨਾਲ ਬਗ਼ਦਾਦ ਤੱਕ ਗੁਰੂ ਨਾਨਕ ਨਾਮ ਲੇਵਾ ਪੈਰੋਕਾਰਾਂ ਦੀ ਗਿਣਤੀ ਦਾ ਅਨੁਮਾਨ ਇਤਿਹਾਸ ਕਾਰਾਂ ਨੇ ਦੋ ਕ੍ਰੋੜ ਤੋਂ ਵਧ ਦਾ ਲਾਇਆ ਹੈ। ਵੱਡੀ ਵਿਲੱਖਣ ਗੱਲ ਇਹ ਹੈ ਕਿ, ਸ੍ਰੀ ਗੁਰੂ ਨਾਨਕ ਸਾਹਿਬ ਦੀ ਤੁੱਲਣਾ ਦਾ ਦੂਜਾ ਅਜੇਹਾ ਪਰਮ-ਪੁਰਖ

ਸੰਸਾਰ ਵਿਚ ਨਹੀਂ ਹੋ ਗੁਜ਼ਰਿਆ ਜਿਸ ਨੇ ਮਨੁੱਖ ਨੂੰ ਨਿਆਰੀ ਜੀਵਨ ਜੁਗਤ ਦਾ ਸਿਧਾਂਤ ਦ੍ਰਿੜ ਕਰਾ ਕੇ ਉਸ ਨੂੰ ਸੰਸਾਰ ਵਿਚ ਸੱਚੇ ਸੰਤ-ਸੂਰਮੇ ਦੇ ਰੂਪ ਵਿਚ ਪ੍ਰਗਟ ਕਰਨ ਲਈ ੯ ਹੋਰ ਪਾਵਨ ਸਰੂਪ ਧਾਰਨ ਕੀਤੇ ਹੋਣ। ਆਪਣੇ ਇਸ਼ਟ ਦੀ ਮੰਗ ਤੇ ਆਪਣੇ ਸੀਸ ਤੱਕ ਭੇਟ ਕਰ ਦੇਣ ਵਾਲੇ ਮਹਾਨ ਤਿਆਗੀ ਸੂਰਮੇ ਮਰਜੀਵੜਿਆਂ ਦੇ ਸੂਰਮਤਾਈ ਵਾਲੇ ਅਲੋਕਾਰ ਕਾਰਨਾਮਿਆਂ ਨੇ ਸੰਸਾਰ ਦੇ ਇਤਿਹਾਸਕਾਰ ਨੂੰ ਨਿਰਸੰਦੇਹ ਚਕ੍ਰਿਤ ਕਰ ਦਿੱਤਾ ਸੀ। ਸੰਸਾਰ ਦੇ ਕਈ ਦੇਸ਼ਾਂ ਦੀ ਆਨ ਬਾਨ ਅਪਣੇ ਪੈਰਾਂ ਹੇਠ ਰੋਲਦਾ ਹੋਇਆ ਅੰਗ੍ਰੇਜ਼, ਸਾਰੇ ਭਾਰਤ ਨੂੰ ਵੀ ਜਿੱਤਦਾ ਆਉਂਦਾ ਜਦ ਸਤਿਲੁਜ ਦਰਿਆ ਦੇ ਕੰਢੇ ਤੇ ਪੁੱਜਾ ਤਾਂ ਉਸ ਸੰਸਾਰ-ਜੇਤੂ ਗੋਰੀ ਸਰਕਾਰ ਲਈ ਗ਼ਰੀਬ ਨਿਤਾਣਿਆਂ ਤੋਂ ਬਣੇ ਮਹਾਂ-ਬਲੀ ਸੰਤ-ਸੂਰਬੀਰ ਖ਼ਾਲਸਾ ਜੀ ਦੇ ਰਾਜ ਦੀ ਸੀਮਾ-ਰੇਖਾ ਪਾਰ ਕਰਨੀ ਅਸੰਭਵ ਬਣ ਖਲੋਤੀ ਸੀ।

**ਲਿਖਣ ਲੱਗਿਆਂ ਕਲੇਜਾ ਮੂੰਹ ਨੂੰ ਕਿਵੇਂ ਨਾ ਆਵੇ ?** ਜਦ ਕਿ, ਇਸ ਵਿਚ ਰਾਈ ਜਿੰਨੀ ਵੀ ਅੱਤਕਥਨੀ ਨਹੀਂ ਹੈ, ਕਿ, ਗੁਰੂ ਨਾਨਕ ਸਾਹਿਬ-ਰੂਪ ਪਰਮ-ਸਚੁ ਤੋਂ ਉਪਜੇ, ਨਿਰਮਲ-ਖ਼ਾਲਸਈ-ਜੀਵਨ-ਜੁਗਤਿ-ਰੂਪ ਗਾਡੀ ਰਾਹ **ਧਰਮ** ਦੇ ਆਪਣੇ ਹੀ **ਧਰਮ-ਆਗੂਆਂ** ਨੇ, ਆਪਣੇ ਅਨੂਪਮ ਸਤਿਗੁਰਾਂ ਦੀਆਂ ਮਹਾਨ ਕੁਰਬਾਨੀਆਂ-ਭਰਪੂਰ ਨਿਆਰੇ ਉਪਕਾਰਾਂ ਨੂੰ ਭੁੱਲ-ਭੁਲਾ ਕੇ, ਉਨ੍ਹਾਂ ਦੇ ਦੈਵੀ ਉਪਦੇਸ਼ ਦੇ ਉਲਟ, ਗੁਰਮਤਿ ਦੀ ਖੰਡਨਾ ਵਾਲੇ ਰੀਤੀ ਰਿਵਾਜ ਨੂੰ ਗੁਰਮਤਿ-ਮਰਯਾਦਾ ਮੰਨ ਲਿਆ। ਮਨੁੱਖ ਨੂੰ **ਸਚੁ** ਦਾ ਰੂਪ ਬਣਾ ਰਹੀ, ਦਿਨੋ-ਦਿਨ ਹਰਮਨ-ਪਿਆਰੀ ਬਣਦੀ ਜਾ ਰਹੀ ਗੁਰਮਤਿ ਰੂਪ ਅੰਮ੍ਰਿਤ ਮਈ ਜੀਵਨ-ਜੁਗਤ ਵਿਚ {-**ਬਿਖੁ ਸੇ ਅੰਮ੍ਰਿਤੁ ਭਏ ਗੁਰਮਤਿ ਬੁਧਿ ਪਾਈ** ॥(੫੬੫) } ਜਿੰਨੇ **ਘਾਤਕ ਝੂਠ** ਰਲਾ ਕੇ (ਖ਼ਾਲਸਾ ਜੀ ਦੇ **ਸਿਆਸੀ-ਧਰਮ-ਆਗੂ ਸਿੰਘ ਸਾਹਿਬਾਂ ਵਾਲੀ ਜਥੇਦਾਰੀ** ਨੇ), ਜਿੰਨੇ ਥੋਹੜੇ ਸਮੇ ਵਿਚ ਇਸ ਅਨੁਪਮ ਜੀਵਨ-ਜੁਗਤਿ ਦੀ ਰੂਪ-ਰੇਖਾ ਵਿਗਾੜੀ ਅਤੇ ਵਿਗਾੜਦੇ ਤੁਰੇ ਜਾ ਰਹੇ ਹਨ, ਸੰਸਾਰ ਵਿਚੋਂ ਅਜੇਹੀ ਉਦਾਹਰਣ ਮਿਲਣੀ ਵੀ, ਲਗ-ਪਗ **ਅਸੰਭਵ** ਹੀ ਹੈ।

### ੩) ਗੁਰਮਤਿ ਦੇ ਪਰਚਾਰ ਲਈ ਧਰਮ ਅਸਥਾਨ-

ਆਪ ਜੀ ਜਾਣਦੇ ਹੀ ਹੋ ਕਿ, ਸੁੱਚ ਆਚਾਰ ਵਾਲੀ ਸਿੱਖ-ਜੀਵਨ ਜੁਗਤਿ ਦੇ ਜਨਮ ਦਾਤਾ, ਪਰਮ-ਪੁਰਖ, ਪਰਮ ਸੂਰਮੇ ਸਤਿਗੁਰੂ ਨਾਨਕ ਸਾਹਿਬ ਜੀ ਨੇ ਉਨ੍ਹਾਂ ਸਮਿਆਂ ਵਿਚ ਅਰਬ ਦੇਸ਼ ਵਿਚ ਪੁੱਜਣ ਦਾ ਗੰਭੀਰ ਖ਼ਤਰਾ ਸਹੇੜਿਆ ਸੀ, ਜਦ ਭਾਰਤ ਵਾਸੀ ਹਿੰਦੂ ਨੂੰ ਮੂਰਤੀ-ਪੂਜ ਕਾਫ਼ਰ ਸਮਝ ਕੇ ਜਾਨੋ ਮਾਰ ਮੁਕਾਉਣਾ ਵਡਾ ਸੁਆਬ (ਪੁੰਨ) ਮੰਨਿਆਂ ਜਾਂਦਾ ਸੀ। ਫਿਰ, ਇਸਲਾਮੀ ਰੱਬ ਦੇ ਘਰ ਮੱਕੇ ਦੇ " ਮਹਿਰਾਬੇ " ਵੱਲ ਪੈਰ ਪਸਾਰ ਲੇਟਣਾਂ ? ਅਜੇਹੀ ਦਲੇਰੀ ਕਰਨ ਵਾਲੇ ਲਈ ਵੈਸੇ ਵੀ ਜਾਨ ਬਖ਼ਸ਼ੀ ਦਾ ਰਾਹ ਕਠਨ ਹੈ। ਏਡੇ ਸਖ਼ਤ ਜੋਖਮ ਵਾਲੀ ਘਾਲਣਾ ਘਾਲਣ ਤੋਂ **ਗੁਰਦੇਵ ਜੀ ਦਾ ਸਪੱਸ਼ਟ ਮੰਤਵ**, ਹੇਠ ਲਿਖੀ ਸਿਖਿਆ ਦੇਣ ਤੋਂ ਛੁੱਟ ਹੋਰ ਦੂਜਾ ਮੰਨਿਆ ਜਾ ਸਕਦਾ ਹੈ ਤਾਂ, ਸਿੰਘ ਸਾਹਿਬ ਜੀ, ਤੁਸੀਂ ਫ਼ੁਰਮਾ ਦਿਉ ਜੀ ! :-

" **ਹੇ ਸੰਸਾਰ ਦੇ ਲੋਕੋ ! ਅਥਾਹ, ਅਗੰਮ ਅਤੇ ਅਪਾਰ ਸਿਰਜਣਾ, ਜਿਸ ਅਲੱਖ ਸਿਰਜਣਹਾਰ ਦਾ ਤਖ਼ਤ ਹੈ, ਉਸ ਅਦ੍ਰਿਸ਼ਟ ਪ੍ਰਭੂ ਲਈ, ਕੋਈ ਦ੍ਰਿਸ਼ਟਮਾਨ ਕੋਠਾ, ਘਰ, ਮੰਦਿਰ, ਦੁਆਰਾ ਆਦਿ ਬਣਾ ਬੈਠਣ ਦੀ ਗੰਭੀਰ ਮੂਰਖਤਾਈ ਕਦੇ ਨਾ ਕਰਨਾ। ਅਜੇਹਾ ਕਰਨਾ, ਅਗੰਮ, ਅਗੋਚਰ, ਅਕਾਰ-ਰਹਿਤ ਕਰਤਾਰ, ਕਰਨ-ਕਾਰਨ ਸਮਰੱਥ, ਸੁਲਤਾਨਾਂ ਦੇ ਸੁਲਤਾਨ, ਨੂੰ ਮੀਆਂ ਕਹਿ ਕੇ ਛੁਟਿਆਉਣ ਦਾ ਅਪਰਾਧ ਹੋਵੇਗਾ। ਜਿਸ ਪਰਮ-ਨਾਥ ਨੇ ਅਪਾਰ ਸਿਰਜਣਾ ਦੇ ਕਣ ਕਣ ਨੂੰ ਆਪਣੇ ਵਜੂਦ ਵਿਚ ਨੱਥਿਆ ਹੋਇਆ ਹੈ, ਉਸ ਅਬਿਨਾਸ਼ੀ ਕਰਤੇ ਪੁਰਖ ਨੂੰ ਅਪਣੇ ਕਮਜ਼ੋਰ ਤੇ ਨਾਸਵੰਤ ਹੱਥਾਂ ਨਾਲ ਬਣਾਈ ਚਾਰਦੀਵਾਰੀ ਵਿਚ ਨੂੜਿਆ ਬੈਠਾ ਮੰਨਣ ਦੀ ਭੁੱਲ ਕਦੇ ਨਾ ਕਰਨੀ..**"

**ਪਉੜੀ ॥ ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰੁ ਸੋਈ ॥ ਜੀਅ ਜੰਤ ਪ੍ਰਤਿਪਾਲਦਾ ਜੋ
ਕਰੇ ਸੋ ਹੋਈ ॥ ਮਾਤ ਪਿਤਾ ਸੁਤ ਭ੍ਰਾਤ ਮੀਤ ਤਿਸੁ ਬਿਨੁ ਨਹੀ ਕੋਈ ॥ ਘਟਿ ਘਟਿ ਅੰਤਰਿ
ਰਵਿ ਰਹਿਆ ਜਪਿਅਹੁ ਜਨ ਕੋਈ ॥ ਸਗਲ ਜਪਹੁ ਗੋਪਾਲ ਗੁਨ ਪਰਗਟੁ ਸਭ ਲੋਈ ॥ ੧੩ ॥** {੧੩੧੮}

## ੪) "ਮੈ ਬਧੀ ਸਚੁ ਧਰਮਸਾਲ ਹੈ ॥"

ਵਿਸ਼ਵਾਸ਼-ਘਾਤੀ ਠੱਗ ਤੋਂ ਸਿੱਖੀ ਦਾ ਪਰਚਾਰਕ ਬਣ ਕੇ- **ਗੁਰੁ ਸਿਖੁ, ਸਿਖ ਗੁਰੂ ਹੈ ਏਕੋ, ਗੁਰ ਉਪਦੇਸ ਚਲਾਏ** ॥ ਸਤਿਗੁਰਾਂ ਦੀ **ਪਹਿਲੀ ਧਰਮਸਾਲ** ਦਾ **ਧਰਮਸਾਲੀਆ**, ਭਾਈ ਸੱਜਣ, ਸਤਿਗੁਰੂ ਜੀ ਦੀਆਂ ਉਚੇਚੀਆਂ ਬਖ਼ਸ਼ਸ਼ਾਂ ਦਾ ਮਾਲਕ ਬਣ ਗਿਆ ਸੀ। ਇਹ ਉਜਾਗਰ ਸਚਾਈ ਵੀ ਤੁਹਾਥੋਂ ਲੁਕੀ ਹੋਈ ਨਹੀਂ ਹੈ ਕਿ, ਸਤਿਗੁਰੂ ਨਾਨਕ ਸਾਹਿਬ ਜੀ, ਨੇ ਸਚੁ-ਧਰਮ ਦੇ ਵਜੂਦ ਵਾਲੇ ਧਰਮ-ਅਸਥਾਨ ਗੋਲਕਾਂ ਰੱਖ ਕੇ ਮਾਇਆ ਠੱਗਣ ਲਈ ਨਹੀਂ ਸਨ ਬਣਾਏ, ਸਗੋਂ ਨਿਆਰੇ ਗੁਰਮਤਿ ਗਿਆਨ ਤੋਂ ਉੱਚੇ-ਜੀਵਨ-ਜੁਗਤਿ ਦ੍ਰਿੜ ਕਰਵਾਉਂਦੇ ਰਹਿਣ ਲਈ ਬਣਾਏ ਸਨ। ਸਤਿਗੁਰਾਂ ਦੀ **ਧਰਮਸ਼ਾਲਾ**, ਸਿਰਜਣਹਾਰ ਦਾ ਸਦੀਵੀ ਭੈ ਸਾਂਭੀ ਰੱਖਣਾ ਸਿਖਾਉਣ ਵਾਲੇ ਗੁਰੂ ਸ਼ਬਦ ਦੀ ਵਿਚਾਰ ਨਾਲ ਮਨ ਜੋੜ-ਬੈਠਣ ਲਈ ਬਣੀ ਸੀ। ਪੁੱਤਰਾਂ ਤੋਂ ਸਪੁੱਤਰ ਬਣਾਉਣ ਦੀ ਚੇਤਨਾ ਉਜਾਗਰ ਕਰਨ ਵਾਲੀਆਂ ਬਾਬਾਣੀਆਂ ਕਹਾਣੀਆਂ ਕਰਦੇ ਰਹਿਣ ਲਈ ਬਣੀ ਸੀ ਇਹ ਧਰਮਸ਼ਾਲਾ-" **ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥ ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ ॥** {੪੪੪} ਉਨ੍ਹਾਂ ਗੁਰੂਬਾਣੀ-ਸ਼ਬਦਾਂ ਦਾ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਗੁਰਪ੍ਰਤਾਪ ਸੂਰਜ ਵਿਚਲੇ ਉਨ੍ਹਾਂ ਬਚਨਾ ਦਾ ਵੀ ਪੂਰਾ ਪਤਾ ਹੈ ਜਿਵੇਂ ਸਤਿਗੁਰਾਂ ਦੀ ਕਰੜੀ ਘਾਲਣਾ ਦਾ ਸਦਕਾ-**ਘਰਿ ਘਰਿ** ਅੰਦਰਿ **ਧਰਮਸਾਲ** ਬਣ ਗਈ ਸੀ।

**ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥ ੧ ॥ ਰਹਾਉ ॥** {੭੪੫}

## ਸਚ ਦਾ ਘਰ ? ਉਤੇ ਸੋਨਾ-ਰੂਪ ਝੂਠ-ਮਾਇਆ ਦਾ ਪਾਣੀ ?-

ਕਰੜੀਆਂ ਘਾਲਣਾਂ ਉਪ੍ਰੰਤ ਸਤਿਗੁਰਾਂ ਨੇ ਧਰਮ ਸਿੱਖਣ ਲਈ ਧਰਮ ਸਾਲ ਬੱਧੀ ਅਤੇ ਇਹ ਬਚਨ ਉਚਾਰੇ-- **ਧੰਨਿ ਸੁ ਥਾਨੁ, ਧੰਨਿ ਓਇ ਭਵਨਾ, ਜਾ ਮਹਿ ਸੰਤ ਬਸਾਰੇ** ॥{੬੮੧} **ਘਰ ਮੰਦਰ ਖੁਸੀਆ ਤਹੀ, ਜਹ ਤੂ ਅਵਹਿ ਚਿਤਿ ॥ ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥ ੨ ॥**

{੩੧੯}**ਸੋ ਸਚੁ ਮੰਦਰੁ ਜਿਤ ਸਚੁ ਧਿਆਈਐ ॥ ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥ ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ, ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥ ੧॥**{੧੦੭} **ਜਿਥੈ ਬੈਸਨਿ ਸਾਧ ਜਨ, ਸੋ ਥਾਨੁ ਸੁਹੰਦਾ ॥ ਓਇ ਸੇਵਨਿ ਸੰਮ੍ਰਿਥ ਅਪਨਾ ਬਿਨਸੈ ਸਭੁ ਮੰਦਾ ॥**{੩੧੯} **ਧੰਨਿ ਸੁ ਗਾਉ ਧੰਨਿ ਸੋ ਠਾਉ, ਧੰਨਿ ਪੁਨੀਤ ਕੁਟੰਬ ਸਭ ਲੋਇ ॥ ਜਿਨਿ ਪੀਆ ਸਾਰ ਰਸੁ, ਤਜੇ ਆਨ ਰਸ, ਹੋਇ ਮਗਨ ਡਾਰੇ ਬਿਖੁ ਖੋਇ ॥ ੨ ॥**{੯੫੮} ਪਾਪਾਂ ਕਾਰਨ ਡਰਪੋਕ ਬਣ ਚੁੱਕੇ ਵਿਕਾਰੀ ਮਨੁੱਖ ਤੋਂ, ਪੂਰਨ ਸੰਤ ਅਤੇ ਨਿਰਭੈ ਸੂਰਮਾ ਬਣਾਉਣ ਲਈ, ਜਿਸ ਥਾਂ ਤੇ ਮਨੁੱਖ ਨੂੰ ਸਰਬ-ਗੁਣਾ ਦੇ ਦਾਤੇ, ਨਿਰਭੈ ਅਕਾਲਪੁਰਖ ਨਾਲ ਪਿਆਰ ਪਾਉਣ ਲਈ ਉਸ ਦੇ ਦਰਸ਼ਨ ਹਿਰਦੇ ਵਿਚੋਂ ਹੀ ਕਰਾਏ ਜਾ ਰਹੇ ਹੋਣ, ਜਿੱਥੇ ਜੀਵ ਨੂੰ ਪ੍ਰਭੂ ਦੀਆਂ ਵਡਿਆਈਆਂ-ਰੂਪ ਗੁਰੂਸ਼ਬਦ ਦੀ ਵਿਚਾਰ ਨਾਲ ਜੋੜਿਆ ਜਾ ਰਿਹਾ ਹੋਵੇ, ਉਸ ਪਾਵਨ-ਪਵਿੱਤਰ ਥਾਂ ਤੇ ਭਾਵੇਂ ਕੱਖਾਂ ਦੀ ਕੁੱਲੀ ਹੀ ਬਣੀ ਹੋਈ ਹੋਵੇ ਉਹ ਰਾਜ-ਮਹਲਾਂ ਦੇ ਸਵਰਗੀ-ਸੁਖਾਂ ਨਾਲੋਂ ਚੰਗੀ ਅਤੇ ਸ਼ਾਹੀ ਤਖ਼ਤਾਂ ਨਾਲੋਂ ਵਡੀ ਸ਼ਾਨ ਵਾਲੀ ਹੁੰਦੀ ਹੈ। ਏਹੀ ਸੀ ਸਤਿ ਗੁਰੂ ਨਾਨਕ ਸਹਿਬ ਜੀ ਦੇ ਘਰ ਦੀ ਮਰਯਾਦਾ ਵਾਲੀ ਸਚੀ ਧਰਮਸਾਲ ਅਤੇ ਏਸੇ ਨਿੱਯਮ ਦਾ ਧਾਰਨੀ ਬਣੇ ਰਹਿ ਕੇ ਨਿਆਰੇ ਗੁਰੂਪੰਥ ਨੇ, ਸੰਸਾਰ ਵਿਚ ਅਸਲੀ ਰਾਜ-ਭਾਗ ਦਾ ਮਾਲਕ ਬਣਿਆਂ ਰਹਿਣਾ ਸੀ। ਪਰ ਸਾਡਾ ਦੁਰਭਾਗ ਹੈ ਕਿ, ਸਾਨੂੰ ਧਰਮ-ਆਗੂ ਅਜੇਹੇ ਮਿਲਦੇ ਆ ਰਹੇ ਹਨ ਜਿਨ੍ਹਾਂ ਨੇ, ਆਪਣੀਆਂ ਹੀ ਲਿਖਤਾਂ ਦੇ ਜ਼ੋਰ ਤੇ ਪਹਿਲਾਂ ਧਰਮਸਾਲਾ ਤੋਂ ਗੁਰਦੁਆਰਾ ਤੇ ਫਿਰ ਸਿੱਧਾ ਰੱਬ ਦਾ ਘਰ ਅਥਵਾ ਹਰਿਮੰਦਰ ਸਾਹਿਬ ਬਣਾ ਲਿਆ। "- (ਪੂਰਾ ਵਿਸਥਾਰ ਪਲਾਸਟਿਕ ਵਿਚ ਕਪੇਟੇ ਪੱਤਰਿਆਂ ਵਿਚ ਹੈ)

## ਹਰਿਮੰਦਰ ਸਾਹਿਬ ਤੇ ਸੋਨੇ ਦਾ ਪਾਣੀ ਫ਼ਿਰ ਜਾਣ ਵਿਚ ਹੋਰ ਵੀ ਵੱਧ ਦੋਸ਼--

(੧) ਸੋਨੇ ਦੀ ਝਾਲ ਵਾਲੀ, ਅਥਵਾ ਸੋਨੇ ਦੇ ਪਾਣੀ ਦੁਆਰਾ ਚਮਕਾਈ ਵਸਤੂ ਕੀ ਅਸਲੀ ਸੋਨਾਂ ਮੰਨੀ ਜਾਂਦੀ ਹੈ, ਕਿ ਜਾਂ, ਸੱਚ ਉਤੇ " **ਪਾਣੀ ਫੇਰ ਦਿੱਤਾ** " ਪਰਚਲਤ ਪੰਜਾਬੀ ਮੁਹਾਵਰੇ ਦਾ ਸਾਕਾਰ ਰੂਪ ਹੋ ਨਿੱਬੜਦੀ ਹੈ ?

(੨) **ਜਗਤ ਦੇ ਲੋਕਾਂ ਨੂੰ " ਜਿਨ੍ਹ ਪਟੁ ਅੰਦਰਿ ਬਾਹਰਿ ਗੁਦੜੁ, ਤੇ ਭਲੇ ਸੰਸਾਰਿ ॥** ਜਿਹਾ ਸੁਖਦਾਇਕ ਸਿਧਾਂਤ ਦੇਣ ਵਾਲੇ, " ਭਲੀ ਸੁਹਾਵੀ ਛਾਪਰੀ " ਫ਼ੁਰਮਾਉਂਣ ਵਾਲੇ, ਬਚਨਾ ਦੇ ਪੂਰੇ ਕਰਣੀ ਦੇ ਸੂਰੇ ਸਤਿਗੁਰਾਂ ਦੇ ਅਪਣੇ ਦੁਆਰੇ ਦੀਆਂ ਕੰਧਾਂ ਕੋਠਿਆਂ ਤੇ ਸੋਨੇ ਦਾ ਪਾਣੀ ? ਅਜੇਹੇ ਮਹਾਨ ਸਤਿਗੁਰਾਂ ਦਾ ਦੁਆਰਾ ਵੇਖਣ ਨੂੰ ਬੇਸ਼ੱਕ ਕੱਖਾਂ ਦੀ ਕੁੱਲੀ ਹੀ ਹੁੰਦਾ ਪਰ ਅੰਦਰੋਂ ਅਨਮੋਲ ਗਿਆਨ-ਰੂਪ ਅੰਮ੍ਰਿਤ-ਰਤਨ ਵਰਤਾਇਆ ਜਾਣ ਦਾ ਨਿਰੰਤਰ ਵਗ ਰਿਹਾ ਝਰਨਾ ਹੁੰਦਾ। ਪਰ ਸਾਡੇ ਧਰਮ ਆਗੂ ਨੇ ਬਾਹਰ ਸੋਨਾ ਪਰ ਅੰਦਰ ਮੋਹਨ ਸਿੰਘ-ਰਣਜੀਤ ਸਿੰਘ-ਪੂਰਨ ਸਿੰਘ-ਰੂਪ ਅਗਿਆਨ ਅਤੇ ਹੰਕਾਰ (ਗ੍ਰੰਥੀ-ਰੂਪ) ਧੁੰਧੂਕਾਰ ? ਅੱਜ ਸਾਰੇ ਸੰਸਾਰ ਦੇ--ਗੁਰੂ-ਘਰ ਆਲੀਸ਼ਾਨ ਪਰ ਗ੍ਰੰਥੀ ਅਗਿਆਨੀ ? ਭਾਈ ਜੀ ਇਹ ਵੀ ਨਹੀਂ ਜਾਣਦੇ ਕਿ, ਵਾਸਤਵ ਵਿਚ ਜਗਤ ਦਾ ਗੁਰੂ **ਹੈ** ਕੌਣ ? ਉਹ (ਗ੍ਰੰਥੀ ਭਾਈ ਜੀ) ਚੌਰ ਕਿਸ ਉਤੇ, ਕਦੋਂ ਤੋਂ ਅਤੇ ਕਿਉਂ ਕਰ ਰਿਹਾ ਹੁੰਦਾ ਹੈ ?

(੩) ਹੇਠ ਲਿਖੇ ਗੁਰੂਬਾਣੀ ਸਿਧਾਂਤ ਦੀ ਖੰਡਨਾ ?

**ਰਸੁ ਸੋਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ**
**ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸੁ ਸਰੀਰ ਕੇ, ਕੈ ਘਟਿ ਨਾਮ ਨਵਾਸੁ ॥ ੨ ॥** {੧੫}

ਆਪ ਤਾਂ ਸਤਿਗੁਰਾਂ ਨੇ ਆਪਣੇ ਬਚਨਾਂ ਦੇ ਵਿਰੁੱਧ ਕਦੇ ਕੋਈ ਕਰਮ ਨਹੀਂ ਸੀ ਕੀਤਾ, ਫਿਰ- " **ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥ ਗੁਰੂ ਫ਼ੁਰਮਾਨ ਕਿਸ ਤੇ ਲਾਗੂ ਹੋਇਆ ?** " ਕੌਣ ਪੁੱਛੇ ਕਿ, ਦੋਸ਼ ਦਾ ਭਾਗੀ ਮਹਾਰਾਜਾ ਸਾਹਿਬ ਕਿ ਜਾਂ ਸਲਾਹਕਾਰ ? ਕਿ, ਜਾਂ ਗੁਰਿਆਈ ਦਾ ਭਾਈਵਾਲ ਬਣਿਆ ਬੈਠਾ ਸਾਰਾ ਖ਼ਾਲਸਾ ਪੰਥ ਹੀ ਦੋਸ਼ੀ ਬਣਿਆਂ ਆਤਮਕ ਮੌਤੇ ਮਰਦਾ ਜੀਊਂਦਾ ਰਹਿਣ ਵਾਲੀ ਦਲਦਲ ਵਿਚ ਫ਼ਸਿਆ ਕੱਖੋਂ ਹੌਲਾ ਹੁੰਦਾ ਜਾ ਰਿਹਾ ਹੈ?

## ੫) ੩●● ਸਾਲਾ ਦਿਵਸ ਮਨਾਉਂਣਾ ਸਫ਼ਲ ਹੋ ਜਾਣਾ ਸੀ–

ਅਜੋਕੇ ਹਾਲਾਤ ਪੁਕਾਰਾਂ ਕਰ ਰਹੇ ਸਨ ਕਿ ਇਸ ੩●● **ਸਾਲਾ ਦਿਵਸ** ਤੇ ਗੁਰਮਤਿ ਪਰਚਾਰ ਦਾ ਵਿਸ਼ਾਲ ਪਰਬੰਧ ਕਰਨ ਦੀ ਲੋੜ ਹੈ। ਅਜੇਹਾ ਵਿਸ਼ਾਲ ਮਹਾਂ ਵਿਦਿਆਲਾ ਬਣਦਾ ਜਿਸ ਵਿਚ ਕਈ ਹੋਰ ਜ਼ਰੂਰੀ ਵਿਸ਼ਿਆਂ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਪੱਖੀ ਗਿਆਨ ਦੀ **PHD** ਤੱਕ ਦੀ ਪੜ੍ਹਾਈ ਦਾ ਪ੍ਰਬੰਧ ਹੁੰਦਾ। ਗ੍ਰੰਥੀ, ਪਰਚਾਰਕ, ਕਥਾਕਾਰ ਲਈ **International** ਭਾਸ਼ਾ ਦੇ ਨਾਲ ਗੁਰਬਾਣੀ ਦੀ ਬੀ. ਏ ਜ਼ਰੂਰੀ ਸ਼ਰਤ ਮਿਥੀ ਜਾਂਦੀ। ਕੇਵਲ ਇਸ ਮਹਾਂ ਵਿਦਿਆਲੇ ਦੀ ਸੰਨਦ ਵਾਲਾ ਹੀ ਗੁਰਮਤਿ ਪਰਚਾਰ ਦੀ ਸੇਵਾ ਕਰ ਸਕਣ ਦਾ ਪੱਕਾ ਵਿਧਾਨ ਬਣ ਜਾਂਦਾ। ਇਸ ਸੇਵਾ ਦੇ ਜੋਗ ਘਟੋ ਘੱਟ ੫●● ਵਿਦਵਾਨ ਹਰ ਸਾਲ ਪੈਦਾ ਕੀਤੇ ਜਾ ਸਕਣ ਦੇ ਪ੍ਰਬੰਧ ਵਾਲਾ ਇਹ ਮਹਾਂ ਵਿਦਿਆਲਾ, ਹੌਲੀ ਹੌਲੀ ਸੰਸਾਰ ਦੇ ਸਾਰੇ ਸਿੱਖ ਧਰਮ-ਅਸਥਾਨਾਂ ਦੀ ਲੋੜ ਪੂਰੀ ਕਰਨ ਦੀ ਸਮਰਥਾ ਪ੍ਰਾਪਤ ਕਰ ਲੈਂਦਾ। ਸਾਰੇ ਗ੍ਰੰਥੀਆਂ ਦੀ ਨਿਯੁਕਤੀ ਦਾ, ਉਨ੍ਹਾਂ ਦੀਆਂ ਬਦਲੀਆਂ ਆਦਿ ਦਾ ਅਧਿਕਾਰ ਕੇਂਦਰੀ ਪ੍ਰਬੰਧ ਕੋਲ, ਭਾਵ ਇਸ ਮਹਾਂ ਵਿਦਿਆਲੇ ਦੇ **PHD** ਸਿੰਘ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਹਿਬ ਦੇ ਸਪੁਰਦ ਹੁੰਦਾ। ਚੰਗੇ ਗ੍ਰੰਥੀਆਂ ਵਿਚੋਂ ਤਰੱਕੀਆਂ ਕਰਕੇ ਕੇਂਦਰੀ ਪਦਵੀਆਂ ਤੇ ਪੁੱਜ ਸਕਣ ਦਾ ਵੀ ਵਿਧਾਨ ਬਣਾ ਦਿੱਤਾ ਜਾਂਦਾ। ਧਰਮ ਅਸਥਾਨਾਂ ਨੂੰ ਪੂਜਾ ਦਾ ਜਾਂ ਸੁਖਣਾ ਪੂਰੀਆਂ ਕਰਨ ਵਾਲੇ ਥਾਂ ਦੀ ਬਜਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਧਾਨਗੀ ਵਾਲੇ ਗੁਰਮਤਿ ਗਿਆਨ ਕੇਂਦਰ ਬਣਾ ਦੇਣ ਦਾ ਮਤਾ ਪਾਸ ਕਰਕੇ ਫ਼ੌਰੀ ਤੌਰ ਤੇ ਲਾਗੂ ਹੋ ਜਾਂਦਾ । ਦਾਨ ਦੇ ਥਾਂ ਦਸਵੰਧ ਪ੍ਰਥਾ ਚਾਲੂ ਕੀਤੀ ਜਾਣ ਦਾ ਐਲਾਨ ਹੋ ਜਾਂਦਾ।

ਧਾਗੇ ਦੇ ਨਾਸਵੰਤ ਜਨੇਊ ਦੇ ਥਾਂ, **ਦਇਆ ਕਪਾਹ ਸੰਤੋਖੁ ਸੂਤੁ...** ਸਦਾ ਨਾਲ ਨਿਭਣ ਵਾਲੇ ਜਨੇਊ ਦੀ ਮੰਗ ਕਰ ਲੈਣ ਤੇ ਗੁਰਮਤਿ ਦਾ ਵੈਰੀ ਬਣਨ ਦੇ ਸਮੇਂ ਤੋਂ ਅਰੰਭ ਕਰਕੇ, ਸਾਰੇ ਇਤਿਹਾਸ ਦੀ ਅਜੇਹੀ ਡਾਕੂਮੈਂਟਰੀ ਬਣਦੀ ਜਿਸ ਦੁਆਰਾ ਸੰਗਤਾਂ ਨੂੰ ਉਸ ਸਾਰੇ ਭਾਣੇ ਤੋਂ ਬੜੇ ਰੌਚਕ ਢੰਗ ਨਾਲ ਜਾਣਕਾਰੀ ਮਿਲ ਰਹੀ ਹੁੰਦੀ, ਜਿਹੜਾ, ਗੁਰਸਿੱਖਾਂ ਨੂੰ ਗੁਰਬਾਣੀ ਦੇ ਗਿਆਨ ਤੋਂ ਦੂਰ ਰੱਖ ਕੇ, ਇਸ ਨੂੰ ਬ੍ਰਾਹਮਣ ਗੁਰੂ ਦਾ ਚੇਲਾ ਬਣਾਈ ਰੱਖਣ ਲਈ, ਵਰਤਦਾ ਆ ਰਿਹਾ ਹੈ। ਏਵੇਂ ਹੀ ਗੁਰਮਤਿ ਗਿਆਨ ਦੇ ਹਰ ਇੱਕ ਪੱਖ ਨੂੰ ਅੱਡ ਅੱਡ ਗੁਰੂ-ਬਾਣੀ ਦੇ ਸ਼ਬਦਾਂ ਦੀ ਵਿਆਖਿਆ ਦੁਆਰਾ ਸਪੱਸ਼ਟ ਕਰਕੇ

ਸਮਝਾ ਰਹੀਆਂ ਡਾਕੂਮੈਂਟਰੀਆਂ (**Documentaries**) ਦੇ ੫੦੦ ਤੋਂ ਵੱਧ ਸੈਟ **[Set]** ਬਣਦੇ। ਅਜੇਹਾ ਸੁਚੱਜਾ ਅਤੇ ਵਿਸ਼ਾਲ ਪਰਬੰਧ ਕੀਤਾ ਜਾਂਦਾ ਕਿ ਅਜੇਹੇ ਸੈਟ ਹੌਲੀ ਹੌਲੀ ਸੰਸਾਰ ਵਿਚ ਹਰ ਥਾਂ ਪੁਚਾਏ ਜਾਣ ਜੋਗੀ ਗਿਣਤੀ ਵਿਚ ਤਿਆਰ ਕੀਤੇ ਜਾ ਸਕਦੇ। ਸੰਸਾਰ ਵਿਚਲੇ ਸਾਰੇ ਸਿੱਖ-ਧਰਮ-ਅਸਥਾਨਾ ਦੀਆਂ ਪ੍ਰਬੰਧਕ ਕਮੇਟੀਆਂ ਉਤਸ਼ਾਹਤ ਕੀਤੀਆਂ ਜਾਂਦੀਆਂ ਕਿ, ਇਨ੍ਹਾਂ ਡਾਕੂਮੈਂਟਰੀਆਂ ਦੇ ਉਤਾਰੇ ਸ੍ਰੀ ਅਨੰਦੁਰ ਸਹਿਬ ਤੋਂ ਪ੍ਰਾਪਤ ਕਰ ਕਰਕੇ, ਯੋਜਨਾਂ ਬੱਧ ਸੁਚੱਜੇ ਢੰਗ ਨਾਲ ਸੰਗਤਾਂ ਨੂੰ ਲਗਾਤਾਰ ਵਿਖਾਉਂਦੇ ਰਹਿਣ ਦੇ ਪ੍ਰਬੰਧ ਕਰਨ, ਆਦਿ **ਆਦਿ ਪ੍ਰਬੰਧਾਂ ਤੇ ਪੰਥਕ ਸਰਮਾਇਆ ਖ਼ਰਚਿਆ ਜਾਣਾਂ ਹੀ, ਖ਼ਾਲਸਾ ਜੀ ਦੇ ਇਸ ੩੦੦ ਸਾਲਾ ਦਿਵਸ ਤੇ ਸੋਭਾ ਪਾਉਂਦਾ ਨਜ਼ਰੀਂ ਆਉਣਾ ਚਾਹੀਦਾ ਸੀ।**

ਪਰ " **ਮਾਇਆ ਹਾਥ ਬਿਕਾਨੇ** " ਹਿਰਦਿਆਂ ਵਾਲੇ ਆਗੂ, ਨਿੱਘਰਦੀ ਜਾ ਰਹੀ ਖ਼ਾਲਸਾ ਪੰਥ ਦੀ ਹਾਲਤ ਸੁਧਾਰ ਕੇ ਅਪਣੀ ਲੁੱਟ ਕਮਾਈ ਵਿਚ ਘਾਟਾ ਕਿਉਂ ਪਾਉਣ? ਡਰੀਏ ਉਸ ਦੀ ਬੇਅਵਾਜ਼ ਲਾਠੀ ਤੋਂ ਕਿਤੇ-**ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ**"। ਆਪਣਾ ਆਪਾ ਫਰੋਲੀਏ। ਕਿਤੇ ਅਸੀਂ ਮਨਮੁੱਖ ਤਾਂ ਨਹੀਂ ਬਣ ਚੁੱਕੇ ?--

**ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥ ਗੁਰ ਕੇ ਭੈ ਕੀ ਸਾਰ ਨ ਜਾਣਹਿ ॥**
**ਭੈ ਬਿਨੁ ਕਿਉ ਨਿਰਭਉ ਸਚੁ ਪਾਈਐ, ਜਮ ਕਾਢਿ ਲਏਗਾ ਸਾਹਾ ਹੇ ॥ ੬ ॥**{੧੦੫੪}

ਹੇ ਮਿਹਰਾਂ ਦੇ ਸਾਂਈਂ ਜੀਉ ! ਹੇ ਕੌਡੇ ਅਤੇ ਸੱਜਣ ਦੀ ਬਾਂਹ ਜਾ ਫੜਨ ਵਾਲੇ, ਸੱਜਣ ਸੂਰੇ ਸਤਿਗੁਰੂ ਜੀਓ ! ਕਰੋ ਮਿਹਰ ਅਤੇ ਸਾਡੀ ਬਾਂਹ ਫੜ ਕੇ ਨਿਘਰਦੇ ਜਾਂਦਿਆਂ ਨੂੰ ਸਾਨੂੰ ਵੀ ਬਚਾ ਲਵੋ ?

## [2] ੩੦੦ ਫ਼ੁੱਟ ਉੱਚਾ ਦੋਧਾਰਾ ਖੰਡਾ ?

**੧੦-ਕੁ ਸਫ਼ਿਆਂ ਦਾ ਇਕ Pamphlet** ਕੈਲੀਫ਼ੋਰਨੀਆਂ (ਅਮਰੀਕਾ) ਦੇ ਸਿਖਾਂ ਵਿਚ ਵੰਡਿਆ ਜਾ ਰਿਹਾ ਸੀ। ਪੰਥ ਦੀ ਡਿਗਦੀ ਜਾ ਰਹੀ ਹਾਲਤ ਤੋਂ ਚਿੰਤਾਤਰ ਇਕ ਗੁਰਮੁਖਿ ਪਿਆਰੇ ਨੇ ਉਸ **Booklet** ਦੀ ਇਕ ਕਾਪੀ ਦਾਸ ਵਲ ਵੀ ਭੇਜੀ ਹੈ। ਜ਼ਰੂਰੀ ਹੈ ਕਿ ਝੋਲੀ ਚੁੱਕਾਂ ਵਾਲੀ ਬੋਲੀ ਵਿਚ ਲਿਖਿਆ ਉਹ ਕਿਤਾਬਚਾ ਆਪ ਜੀ ਦੇ ਹਜ਼ੂਰ ਵੀ ਜ਼ਰੂਰ ਪੁੱਜ ਚੁੱਕਾ ਹੋਣਾ ਹੈ। ਉਸ ਦੇ ੨-੩ ਸਫ਼ੇ ਤੇ ਲਿਖੀ ਸੂਚਨਾ ਪੜ੍ਹ ਕੇ ਪੰਥ ਦੇ ਆਪਣੇ ਅਸਲੇ ਵਲ ਨੂੰ ਪਰਤ ਸਕਣ ਦੀਆਂ ਮਧਮ ਜਹੀਆਂ ਆਸਾਂ ਤੇ ਵੀ, ਪਾਣੀ ਫੇਰਿਆ ਗਿਆ ਨਜ਼ਰੀਂ ਅਇਆ ਹੈ। ਉਹ ਸੂਚਨਾ ਇਨ੍ਹਾਂ ਬਚਨਾਂ ਵਿਚ ਹੈ-" ਸੰਸਾਰ ਦੇ ਇਤਿਹਾਸਕ ਯਾਦਗਾਰਾਂ ਦੇ ਨਕਸ਼ੇ ਤੇ ਉਨ੍ਹਾਂ ਦੀ ਉਸਾਰੀ ਕਰਨ ਦੇ ਮਾਹਰ ਦੇ ਬਹੁਤ ਵਡੇ ਵਿਦੇਸ਼ੀ ਆਰਕੀਟੈਕਟਰਾਂ ਦੀਆਂ ਸੇਵਾਵਾਂ ਪ੍ਰਾਪਤ ਕਰਕੇ ਨਿਸ਼ਾਨ-ਏ-ਖ਼ਾਲਸਾ ਕਾਇਮ ਕਰਨ ਦਾ ਇਕ ਨਵਾਂ ਅਜੂਬਾ ਤਿਆਰ ਕੀਤਾ ਜਾ ਰਿਹਾ ਹੈ ਜੋ ਦੁਧਾਰੇ ਖੰਡੇ ਦੇ ਰੂਪ ਵਿਚ ਤਿੰਨ ਸੌ ਫ਼ੁਟ ਉੱਚਾ ਹੋਵੇਗਾ। ਇਹ ਤਿੰਨ ਸੌ ਫ਼ੁਟ ਉੱਚਾ ਇਸ ਕਰਕੇ ਬਣਾਇਆ ਗਿਆ ਹੈ ਕਿ ਖ਼ਾਲਸਾ ਪੰਥ ਦੇ ਤਿੰਨ ਸੌਵੇਂ ਸਿਰਜਣਾ ਦਿਵਸ ਨੂੰ ਵਿਸ਼ਵ ਪੱਧਰ ਤੇ ਮਨਾਉਣ ਦੀ ੧੯੯੯ ਦੀ ਵੈਸਾਖੀ ਦੀ ਇਕ ਅਟੱਲ ਇਤਿਹਾਸਕ ਯਾਦਗਾਰ ਹੋਵੇਗੀ ਜੋ ਆਉਣ ਵਾਲੀਆਂ ਪੀੜੀਆਂ ਨੂੰ ਸਦਾ ਸਦਾ ਪ੍ਰੇਰਣਾ ਦਿੰਦਾ ਰਹੇਗਾ ।ਇਸ ਨਿਸ਼ਾਨ-ਏ-ਖ਼ਾਲਸਾ ਨੂੰ ਖੰਡੇ ਦਾ ਸਰੂਪ ਇਸ ਕਰਕੇ ਦਿੱਤਾ ਗਿਆ ਹੈ ਕਿ-" **ਪ੍ਰਥਮੇ ਖੰਡਾ ਸਾਜ ਕੇ ਸਭ ਸੰਸਾਰ ਉਪਾਇਆ** " ਉਨ੍ਹਾਂ ਦੇ ਵਿਚਾਰ ਵਿਚ ਅਕਾਲ ਪੁਰਖ ਨੇ ਸੰਸਾਰ ਦੀ ਰਚਨਾ ਕਰਨ ਸਮੇਂ, ਸਭ ਤੋਂ ਪਹਿਲਾਂ ਖੰਡਾ ਤਿਆਰ ਕੀਤਾ। " ਇਸ ਤੋਂ ਅਗਲੀ ਵੀ ਬਾਂਵੇਂ ਪੂਰੀ ਗੁਰਮਤਿ ਦੇ ਅਨਕੂਲ ਨ੍ਹੀਂ ਹੈ ਪਰ ਦਾਸ ਨੇ ਕੇਵਲ ਇਨ੍ਹਾਂ ਬਚਨਾਂ ਬਾਰੇ ਹੀ ਆਪ ਜੀ ਦੇ ਦਰਬਾਰ ਤੱਕ ਪੁਕਾਰਾਂ ਪੁਚਾਉਣੀਆਂ ਹਨ।

ਜਿਨ੍ਹਾਂ ਕਾਰਨਾ ਕਰਕੇ ਉਪਰੋਕਤ ਬਚਨ ਦਾਸ ਦੀ ਅਲਪ ਬੁੱਧੀ ਨੇ, ਪੰਥ ਲਈ " ਵਡੇ ਘਾਤਕ ਖ਼ਤਰੇ ਦਾ ਘੜਿਆਲ ਖੜਕ ਪਿਆ " ਕਬੂਲਿਆ ਹੈ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ--

(੧) (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੈਂਕੜੇ ਸਰੂਪ ਵਿਦੇਸ਼ੀਂ ਵੱਸਦੇ ਸਿੱਖਾਂ ਦੀ ਘਰੀਂ ਅਥਵਾ ਗੁਰਦੁਆਰਿਆਂ ਵਿਚ ਪੁੱਜਦੇ ਆ ਰਹੇ ਹਨ ਪਰ, ਅਜੇਹਾ ਆਦਰ-ਮਾਣ ਕਿਸੇ ਵੀ ਗੁਰੂ-ਸਰੂਪ ਦਾ ਨਾ ਹੋਇਆ ਜੋ, ਅਪ੍ਰੈਲ ੧੯੯੯ ਵਿਚ, ਸ਼ਸਤਰਾਂ ਸਮੇਤ ਸ੍ਰੀ ਦਸ਼ਮੇਸ਼ ਜੀ ਦੇ ਕਥਿਤ ਖੰਡੇ ਦਾ ਵੈਨਕੂਵਰ (ਬੀ ਸੀ ਕੈਨੇਡਾ) ਪੁੱਜਣ ਤੇ ਕੀਤਾ ਗਿਆ ਸੀ। ਸ਼ਸਤਰਾਂ ਦੀ ਆਉਭਗਤ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਦੇ ਹਵਾਈ ਅੱਡੇ ਤੇ ਪੁੱਜੇ, ਬੇਹਿਸਾਬੇ ਮਾਇਕ ਚੜ੍ਹਤ-ਚੜ੍ਹਾਵੇ ਸਮੇਤ ਸ਼ਸਤਰਾਂ ਨੂੰ ਨਮਸਕਾਰਾਂ ਕਰਨ ਵਾਲਿਆਂ ਦੀਆਂ ਭੀੜਾਂ ਲੱਗ ਗਈਆਂ ਜਦ ਕੇ ਸਤਿਗੁਰਾਂ ਦੇ ਸਰੂਪ ਪੁੱਜਣ ਦੀ ਖ਼ਬਰ ਸਮੂਹ ਸੰਗਤਾਂ ਨੂੰ ਹੋਣੀ ਤਾਂ ਕਿਤੇ ਰਹੀ ਗੁਆਂਡੀਆਂ ਨੂੰ ਵੀ ਸ਼ਾਇਦ ਹੀ ਕਦੇ ਪਤਾ ਲੱਗਾ ਹੋਵਾ ? (ਅ) ੧੯੯੯ ਦੀ ਵੈਸਾਖੀ ਤੇ ਕੁਰਸੀਆਂ ਦੇ ਮਸਲੇ ਵਿਚ ਪੰਥ ਵਿਚ ਪ੍ਰਗਟ ਹੋ ਉੱਭਰੇ, ਭਾਈ ਹਰਕੀਰਤ ਸਿੰਘ ਜੀ ਨੇ, ਗੁਰਮਤਿ ਨੂੰ ਹੋਰ ਵੱਧ ਬ੍ਰਾਹਮਣੀ ਰੰਗਤ ਦੇਣ ਦੇ ਉਦੱਮ ਵਿਚ-" ਸਿੱਖ ਰਹਿਤ ਮਰਯਾਦਾ ਦੀ ਸਮੀਖਿਆਂ " ਨਾਮਕ ਪੁਸਤਕ ਛਪਵਾ ਕੇ ਸੰਗਤ ਦੇ ਹੱਥਾਂ ਤਕ ਪੁਚਾਈ ਹੈ। ਗੁਰਮਤਿ ਵਿਰੋਧੀ ਕਈ ਗੱਲਾਂ ਵਿਚ ਬਹੁਤੀ, ਚਲ ਰਹੇ ਵਿਸ਼ੇ ਨਾਲ ਉਸੇਚਾ ਨੇੜ ਰੱਖਣ ਵਾਲੀ ਦੁਖਦਾਈ ਹਦ ਤਕ ਗੁਰਮਤਿ ਵਿਰੋਧੀ ਗੱਲ (ਪੁਸਤਕ, ਦੇ ੪੬ ਸਫ਼ੇ ਤੇ) ਇਸ ਪ੍ਰਕਾਰ ਹੈ--" ਸ਼ਸਤਰਾਂ ਦੀ ਪੂਜਾ ਕਰਨੀ ਦਸਮ ਗੁਰੂ ਨਾਨਕ ਜੀ ਦਾ ਹੁਕਮ ਹੈ ".. (ੲ) ਉਸੇ Harkirat Singh M.A. MPhilL ( Relgious Studies] Vancouver B.C. ਦੀ ਅਗਵਾਈ ਵਿਚ ਸ੍ਰੀ ਦਸ਼ਮੇਸ਼ ਜੀ ਦੇ ਉਸ ਕਥਿਤ ਖੰਡੇ ਨਾਲ ਤਿਆਰ ਕੀਤੇ ਅੰਮ੍ਰਿਤ ਦੀ ਉਚੇਚੀ ਮਹੱਤਤਾ ਦੀ ਵਡੀ ਚਰਚਾ ਚੱਲੀ, (ਸ) ਗੁਰਦੁਆਰਿਆਂ ਵਿਚ ਖੰਡੇ ਵਾਲੇ ਨਿਸ਼ਾਨ ਸਾਹਿਬ ਦੀ ਪ੍ਰਕਰਮਾਂ ਕਰਕੇ ਮੱਥੇ ਟੇਕਣ ਨੂੰ ਗੁਰਮਤਿ ਸਮਝਣ ਦਾ ਭਰਮ ਤਾਂ ਪਹਿਲਾਂ ਹੀ ਪੰਥ ਵਿਚ ਪਰਵੇਸ਼ ਕਰ ਚੁੱਕਾ ਹੈ।-- ਉਪ੍ਰੋਕਤ ਵਰਣਨ ਹਾਲਾਤ ਤੋਂ ਯਕੀਨ ਬਣਦਾ ਹੈ ਕਿ, ਸ੍ਰੀ ਅਨੰਦਪੁਰ ਾਹਿਬ ਵਿਖੇ ਬਣ ਰਹੇ ਉਪ੍ਰੋਕਤ ੩੦੦ ਫ਼ੁਟ ਉੱਚੇ ਦੋ-ਧਾਰੇ (ਕਥਿਤ ਤੌਰ ਤੇ ਸ੍ਰੀ ਦਸ਼ਮੇਸ਼ ਜੀ ਦੇ ?) ਖੰਡੇ ਦੇ ਅਦਭੁਤ ਬੁੱਤ ਨੇ, ਗੁਰਮਤਿ ਤੋਂ ਅਗਿਆਨੀ ਸਿੱਖਾਂ ਦੇ ਹਿਰਦਿਆਂ ਵਿਚ ਉਹੀ ਥਾਂ ਬਣਾ ਲੈਣੀ ਹੈ ਜੋ ਹਿੰਦੂਆਂ ਵਿਚ ਸ਼ਿਵ ਲਿੰਗ ਨੇ ਬਣਾ ਲਈ ਹੋਈ ਹੈ।

ਗੁਰਮਤਿ ਨੇ- " **ਜੈਸਾ ਸੇਵੇ, ਤੈਸੋ ਹੋਵੇ ॥**" {੨੨੩}--"**ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ ॥**{੬੪} ਕਾਦਰ ਦੇ ਬਣੇ ਇਸ ਅਟੱਲ ਸਿਧਾਂਤ ਨੂੰ ਸਮਝਾਇਆ ਹੈ ਕਿ, ਹਿਰਦੇ ਤੋਂ ਜਿਸ ਦਾ ਸਿਮਰਨ ਕਰੋਗੇ ਆਪ ਵੀ ਉਹੋ ਜਿਹੇ ਹੋ ਜਾਉਗੇ। ਅਤੇ ਫਿਰ--**ਸੋ ਜੀਵਤ ਜਿਹ ਜੀਵਤ ਜਪਿਅਤ ॥**{੨੫੯} ਖੰਡਾ ਅਥਵਾ ਸ਼ਸਤਰ ਬੇਜਾਨ ਹੈ, ਇਸ ਦਾ ਜਾਪ ਕਰਨ ਵਾਲਾ ਆਤਮਕ-ਜਿੰਦ ਦਾ ਮਾਲਕ ਕਦੇ ਨਹੀਂ ਰਹਿ ਸਕਦਾ ਹੈ। ਪੱਥਰ ਦੀ ਪੂਜਾ ਨੂੰ " ਮਿਰਤਕ " ਦੀ ਨਿਸਫਲ ਪੂਜਾ ਕਹਿ ਰਹੀ ਗੁਰਬਾਣੀ, ਖੰਡੇ ਦੇ ਪੁਜਾਰੀਆਂ ਨੂੰ ਵੀ ਏਹੀ ਚਿਤਾਵਨੀ ਦੇ ਰਹੀ ਹੈ ਕਿ-**ਉਸ ਤੇ ਕਹਹੁ ਕਵਨ ਫਲ ਪਾਵੈ ॥**...? " **ਨਾਨਕ** " **ਨਾਮ ਦੀ ਛਾਪ ਵਾਲੇ-ੴ** ਦੀ ਥਾਂ, ਸਟੀਲ ਦੇ ਖੰਡੇ ਨੂੰ ਨਿਸ਼ਾਨ-ਏ-ਖ਼ਾਲਸਾ ਬਣਵਾ ਲੈਣਾ, ਗੁਰਮਤਿ ਸਿਧਾਂਤ ਦੇ ਵੈਰੀ ਦੀ ਸਭ

ਤੋਂ ਵਡੀ ਸਫ਼ਲਤਾ ਹੈ। ਬਿੱਪ੍ਰ ਨੇ ਉਸ ਖ਼ਾਲਸਾ ਜੀ ਨੂੰ " ਚਾਰੇ ਸ਼ਾਨੇ ਚਿੱਤ " ਧਰਤੀ ਤੇ ਲੰਮਾ ਪਾ ਲਿਆ ਹੈ, ਜਿਹੜਾ ਕਦੇ ਮਹਾਂਬਲੀ, ਸੰਤ ਸੂਰਮਾ ਜੋਧਾ ਬਲਿਕਾਰੀ ਮੰਨਿਆ ਜਾਂਦਾ ਸੀ ' ਸੀ। ਇਸ ਵਿਚ ਜ਼ਰਾ ਵੀ ਸੰਦੇਹ ਨਹੀਂ ਹੈ ਕਿ, ਅਰਥਾਂ ਸਮੇਤ ਲਿਖੇ ਨਿੰਮਨ ਗੁਰੂ ਸ਼ਬਦ ਦੀ ਮੁਹੱਤਤਾ ਤੋਂ ਤੁਸੀਂ ਚੰਗੀ ਤਰ੍ਹਾਂ ਜਾਣੂ ਹੋ। ਤੁਸੀਂ ਭਲੀ-ਭਤਿ ਜਾਣਦੇ ਹੋ ਕਿ, ਸ਼ਸਤਰਾਂ ਦੀ ਅਥਵਾ ਖੰਡੇ ਦੀ ਪੂਜਾ ਦੇ ਅਨੁਭਵ ਨੇ ਹੀ ਖ਼ਾਲਸਾ ਜੀ ਨੂੰ ਨਿਰਵੈਰਤਾ, ਖਿਮਾ, ਨਿਮਰਤਾ, ਗ਼ਰੀਬੀ-ਭਾਵਣਾ, ਤਰਸ ਮਿਹਰ, ਨਿਤਾਨਿਆਂ ਲੋੜਵੰਦਾਂ ਲਈ ਹਮਦਰਦੀ, ਸਾਂਝੀਵਾਲਤਾ, ਸਰਬੱਤ ਦੇ ਭਲੇ ਦੀ ਕਾਮਨਾ ਵਾਲੀ ਸੁਹਿਰਦਤਾ ਆਦਿ ਵਡਮੁੱਲੇ ਗੁਣਾਂ ਤੋਂ ਪੂਰੀ ਤਰ੍ਹਾਂ ਸੱਖਣੇ ਕਰਕੇ, ਸਦਾ ਕ੍ਰੋਧ-ਅਗਨੀ ਵਿਚ ਸੜਿਆ ਅਤੇ ਘਰਦਿਆਂ ਬਾਹਰਦਿਆਂ ਦਾ ਘਾਤ ਕਰਨ ਲਈ ਕਾਹਲਾ ਪਿਆ ਰਹਿਣ ਵਾਲਾ ਬਣਾਈ ਜਾਣਾ ਹੈ-**ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥ ੧ ॥** ਸੋ ਖੰਡੇ ਪ੍ਰਤੀ ਬਣ ਰਹੀ ਸ਼ਰਧਾ ਨੇ ਆਪਣੇ ਪੁਜਾਰੀ-ਸਿੱਖ ਦੇ ਅਚਰਨ ਵਿਚੋਂ -" **ਨਾ ਕੋ ਬੈਰੀ ਨਹੀ ਬਿਗਾਨਾ** " ਅਨਮੋਲ ਗੁਰਮਤਿ-ਗੁਣ  ਗੁਰਮਤਿ ਗੁਆ ਕੇ, ਅਪਣੇ ਪਰਾਏ ਸਭ ਦਾ ਕੁਤਰਾ ਕਰਨ ਮੁਰਦਾ-ਆਤਮਾ, ਨਿਰਦਈ ਫ਼ਸਾਦੀਆਂ ਤੋਂ ਵੱਧ ਹੋਰ ਕੀ ਬਣਾਉਣਾ ਹੈ ?

{**ਨੋਟ**:-ਸ਼ਸਤਰਾਂ ਦੀ ਪੂਜਾ ਬਾਰੇ ਅੱਡਰੇ ਸਫ਼ਿਆਂ ਤੇ ਲਿਖੇ ਵਿਸਥਾਰ ਸਹਿਤ ਗੁਰਮਤਿ ਵਿਚਾਰ, ਦਸਮਗ੍ਰੰਥ ਜੀ ਬਾਰੇ ਲਿਖੇ ਖਰੜੇ ਦੇ ਅਰੰਭਕ ਸਫ਼ਿਆਂ ਵਿਚ ਲਿਖੇ, ਤੁਹਾਡੀ ਸੇਵਾ ਵਿਚ ਪਹਿਲਾਂ ਹੀ ਪੁੱਜ ਚੁੱਕੇ ਹਨ। ਸਜੁਲਤ ਲਈ ਉਹ ਪੱਤਰੇ ਇਸ ਚਿੱਠੀ ਦੇ ਨਾਲ ਵੀ ਨੱਥੀ ਹਨ}।

## [3] ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਹਿਬ ਵਲੋਂ ਪੰਥ ਵਿਰੋਧੀ ਦੋਸ਼ੀ ਕਾਮਰੇਡਾਂ ਦੀ ਗੁਰਮਤਿ ਵਿਰੋਧੀ ਸਹਾਇਤਾ ਦਾ ਗੰਭੀਰ ਦੋਸ਼ ?

ਚੰਡੀਗੜ੍ਹੋਂ ਛਪਦੇ ਮਾਸਕ ਪੱਤਰ " ਸਪੋਕਸਮੈਨ " ਦੇ ਮਿਤੀ ੨੭ ਮਾਰਚ ੧੯੯੯ ਦੇ ਪਰਚੇ ਦੇ ੨੭ ਹੀ ਸਫ਼ੇ ਤੇ ਆਪ ਜੀ ਦੀ ਤਸਵੀਰ (ਵੇਖੋ ਉਲਟਾ ਪਾਸਾ) ਨਾਲ ਜੋ ਕੁਝ ਛਪਿਆ ਹੈ, ਅਤੇ ਆਪ ਜੀ ਵਲੋਂ ਹੈਰਾਨ ਕਰਨ ਵਾਲਾ **ਮੋਨ** ? ਕਈ ਤਰ੍ਹਾਂ ਦਿਆਂ ਸ਼ੰਕਿਆਂ ਨੂੰ ਜਨਮ ਦੇ ਰਿਹਾ ਹੈ। ਕੀ, ਇਹ ਵਾਕਿਆ ਹੀ ਸੱਚ ਹੈ ਕਿ, ਸਿੰਘ ਸਾਹਿਬਾਨ ਵਾਲੀ ਅਜੋਕੀ ਜਥੇਦਾਰੀ, ਗੁਰੂ ਨਾਨਕ ਸਾਹਿਬ ਦੀ ਸਿੱਖੀ ਦਾ ਭੋਗ ਪਾਉਣ ਲਈ  ਯੋਜਨਾਂ ਘੜਦੇ ਆ ਰਹੇ ਪੰਥ ਵਿਰੋਧੀਆਂ ਦੇ ਸਾਥੀ (ਕਿ ਜਾਂ ਮੋਹਰੀ ?) ਬਣ ਚੁੱਕੇ ਹਨ। (ਜੇ ਅੰਦਰੋਂ ਤੁਸੀਂ ਨਾਸਤਕ ਨਹੀਂ ਬਣ ਚੁੱਕੇ ਹੋਏ ਤਾਂ) ਦੁਹਾਈ ਹੈ ਤੁਹਾਡੇ ਇਸ਼ਟ ਦੇ ਨਾਮਣੇ ਦੀ, ਪੈਦਾ ਹੋ ਰਹੇ ਉਪਰੋਕਤ ਵਰਣਨ ਗੰਭੀਰ ਸੰਕੇ ਨੂੰ ਦੂਰ ਕਰਨ ਜੋਗ ਬਣਾਉਣ ਵਾਲੀ, ਕੋਈ ਸੁਖਾਵੀਂ ਚਿੱਠੀ ਜ਼ਰੂਰ ਲਿਖ ਭੇਜੋ। ਦਾਸ ਆਪ ਜੀ ਦਾ ਵਿਰੋਧੀ ਨਹੀਂ ਹੈ। ਪਰ ਪੰਥ ਦੀ ਹਾਨੀ ਵਾਲੀ ਗੁਰਮਤਿ ਵਿਰੋਧੀ ਗੱਲ ਬਰਦਾਸ਼ਤ ਕਰਨੀ ਅਸੰਭਵ ਬਣ ਖਲੌਂਦੀ ਹੈ। ਇਹ, ਅਰਜ਼-ਦਾਸ਼ਤ ਵੀ, ਸੰਬੰਧਤ ਅਖ਼ਬਾਰੀ ਟੂਕ ਦੇ ਉਤਾਰੇ ਦੇ ਦੂਜੇ ਪਾਸੇ ਤੇ ਹੀ ਛਾਪੀ ਗਈ ਹੈ।

## [4] ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ, ਗੁਰਮਤਿ ਵਿਰੋਧੀ, ਦੁਬਾਜਰਾ ਹੁਕਮਨਾਮਾ ?

ਮਿਤੀ ੬-੨-੯੫ ਨੂੰ ਆਪ ਜੀ ਦੀ ਪਰਧਾਨਗੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਨਾਨਕਸਰ ਕਲੇਰਾਂ ਦੀ ਡੇਰਾਦਾਰੀ ਵਲੋਂ ਛਾਪੇ ਗਏ ਸੁਖਮਨੀ ਸਾਹਿਬ ਦੇ ਅਤੇ ਨਿਤਨੇਮ ਦੇ ਗੁਟਕੇ ਲਿਖਣ ਵਾਲਿਆਂ ਦੀਆਂ ੪ ਭੁੱਲਾਂ ਬਾਰੇ, ਹੁਕਮਨਾਮਾਂ ਨੰਬਰ ੪੯੭/ਅ/੯੫ ਜਾਰੀ ਕੀਤਾ। ਜਿਸ ਦਾ ਉਤਾਰਾ ਅਤੇ ਸੁਖਮਨੀ ਸਾਹਿਬ ਦਾ ਉਹ ਗੁਟਕਾ ਜਿਸ ਬਾਰੇ ਤੁਸਾਂ ਹੁਕਮਨਾਮੇ ਵਿਚ ਪਾਬੰਦੀਆਂ ਲਾਈਆਂ ਸਨ, ਸੁਹਿਰਦ ਗੁਰਮੁਖਾਂ ਨੇ ਦਾਸ ਕੋਲ ਭੇਜੇ ਹਨ। ਪੜ੍ਹ ਕੇ ਪੰਥ ਦੀ ਕਿਸਮਤ ਉਤੇ ਹੋਰ ਵੀ ਵੱਧ ਰੋਣ ਆਉਣ ਦੇ ਕਰਨ ਦਾ ਵੇਰਵਾ ਇਸ ਪ੍ਰਕਾਰ ਹੈ:-

ਬਾਬਾ ਨੰਦ ਸਿੰਘ ਜੀ ਦੀ ਤਸਵੀਰ ਵਾਲੇ ਇਸ ਗੁਟਕੇ ਵਿਚ ਹੁਕਮਨਾਮੇ **(PTO)** ਵਿਚ ਲਿਖੀਆਂ ਗੱਲਾਂ ਤੋਂ ਛੁੱਟ ਗੁਟਕੇ ਦੇ ੧੨ ਸਫ਼ੇ ਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹਟ ਕੇ ਨਾਨਕਸਰੀਏ ਸਾਧ ਪ੍ਰਤੀ ਸ਼ਰਧਾ ਬਣਾ ਲੈਣ ਦਾ ਕਾਰਨ ਬਣ ਰਹੇ ਗੁਰਮਤਿ ਵਿਰੋਧੀ ਬਚਨ ਇਸ ਪ੍ਰਕਾਰ ਹਨ--

**ਕਲਜੁਗ ! ਤੇਰੇ ਰਾਜ ਵਿਚ ਗੁਰੂ ਨਾਨਮਕ ਦਾ ਪਹਿਰਾ ਹੈ । ਦੱਸ ਜਾਮੇ ਪ੍ਰਗਟ ਤੇ ੭੪ ਜਾਮੇ ਸੰਤ ਦੇ ਰੂਪ ਵਿਚ,**
**ਸਾਰੇ ਜੁਗ ਵਿਚ ਪਹਿਰਾ ਕਾਇਮ ਰਖਣਾ ਹੈ। ਸੋ ਗੁਰੂ ਨਾਨਕ ਪਾਤਸ਼ਾਹ ਦੇ ਹੁਕਮ ਵਿਚ ਅਸੀਂ ਇਹ ਢੰਡੋਰਾ ਦੇ ਰਹੇ ਹਾਂ।**

**(ੳ)** ਕੀ, ਇਹ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੁਗੋ ਜੁਗ ਗੁਰਿਆਈ ਵਾਲੇ ਪੰਥਕ-ਵਿਸ਼ਵਾਸ਼ ਦਾ ਮਲੀਆ ਮੇਟ ਨਹੀਂ ਕਰ ਰਹੀ ?

**(ਅ)** ਕੀ, ਇਹ ਕੁ-ਬਚਨ ਨਿਰੰਕਾਰੀਆਂ ਦੇ ਗੁਰੂ-ਡੰਭ ਨਾਲੋਂ ਵੱਧ ਖ਼ਤਰਨਾਕ ਨਹੀਂ ਹਨ ਜੀ ? ਉਹ ਆਪ ਗੁਰੂ ਬਣ ਬੈਠੇ ਹਨ, ਉਨ੍ਹਾਂ ਇਹ ਦਾਵਾ ਨਹੀਂ ਕੀਤਾ ਕਿ, ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਹੁਣ ਉਨ੍ਹਾਂ ਵਿਚ ਵਿਚਰ ਰਹੀ ਹੈ। ਉਹ ਆਪਣਾ ਡੇਰਾ ਅੱਡ ਬਣਾ ਬੈਠੇ ਹਨ। ਉਨ੍ਹਾਂ ਨਾਲ ਵਰਤੋਂ ਵਿਹਾਰ ਅਸਾਂ ਬੰਦ ਕਰ ਲਿਆ। ਸਾਡੇ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ। ਸਿਖ ਰਹਿਤ ਮਰਯਾਦਾ ਤੇ ਉਨ੍ਹਾਂ ਦਾ ਕੋਈ ਪ੍ਰਭਾਵ ਨਹੀਂ ਪੈ ਸਕਦਾ। ਪਰ ਨਾਨਾਕ ਸਰੀਏ ਖ਼ਾਲਸਾ ਪੰਥ ਦਾ ਅੰਗ ਬਣੇ ਹੋਏ, ਆਪ ਗੁਰੂ ਨਾਨਕ ਜੀ ਦੀ ਜੋਤਿ ਦੇ ਮਾਲਕ ਬਣ ਬੈਠੇ ਗੁਰਮਤਿ ਮਰਯਾਦਾ ਦੀ ਰੂਪ ਰੇਖਾ ਵਿਗਾੜੀ ਜਾ ਰਹੇ ਹਨ। ਕੋਈ ਤਾੜਨਾ ਕਰਨ ਦੇ ਥਾਂ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ ਸਨਮਾਤ ਕਰ ਕੇ ਪੰਥ ਦੇ ਸਿੰਘ ਸਾਹਿਬਾਨ, ਸਗੋਂ ਉਨ੍ਹਾਂ ਦੀ ਪਿੱਠ ਠੋਕ ਰਹੇ ਹਨ॥

**(ੲ)** ਜਿਸ ਗੁਟਕੇ ਦੇ ਬਹੁਤ ਅਗਲੇ ਸਫ਼ਿਆਂ ਦੀਆਂ ਲਿਖਤਾਂ ਦੇ ਲਿਖਾਰੀਆਂ ਵਿਰੁੱਧ ਫ਼ੈਸਲੇ ਸੁਣਾਏ ਗਏ ਸਨ, ਉਸੇ ਗੁਟਕੇ ਦੇ ਅਰੰਭਕ ਸਫ਼ਿਆਂ ਵਿਚ, ਬਾਬਾ ਸ੍ਰੀ ਚੰਦ ਦੇ ਸਰਾਪ ਦੇ ਕਾਰਨ ਪੰਜਵੀਂ ਪਾਤਸ਼ਾਹੀ ਤਕ ਸਤਿਗੁਰਾਂ ਦੇ ਸਰੀਰ ਤੇ ਕੋਹੜ ਦੀ ਬਿਮਾਰੀ ਰਹੀ ਹੋਣ ਦਾ ਦੁਖਦਾਈ ਝੂਠ-ਭਰਮ ਪਾਇਆ ਹੋਇਆ? ਜਿਸ ਕਲਜੁਗ ਦੀ ਕਿਸੇ ਹੋਂਦ ਨੂੰ ਗੁਰਬਾਣੀ ਮੁਢੋਂ ਮੰਨਦੀ ਹੀ ਨਹੀਂ, ਉਸ ਨਾਲ ਕਥਿਤ ਸੰਤ ਨੰਦ ਸਿੰਘ ਦਾ ਵਾਰਤਾਲਾਪ ?--

**ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਸਿਨੀਅਰੁ ਤਪਤ ਰਹੈ ॥ ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥ ੧ ॥**
**ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥ ੧ ॥ ਰਹਾਉ ॥**
**ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥ ਦਾਤਾ ਦਾਨੁ ਕਰੈ ਤਹ ਨਾਹੀ ਮਹਲ ਉਸਾਰਿ ਨ ਬੈਠਾ ॥ ੨ ॥**

**ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥ ੩ ॥{੯੦੨}-੧**

ਗੁਰੂ ਫ਼ੁਰਮਾਨ ਦੀ ਖੰਡਨਾ ਕਰਨ ਦੇ ਅਪਰਾਧ ਦੇ ਨਾਲ (ਨਿਰੋਲ ਕਲਪਣਾ ਦੀ ਉਪਜ ਉਸ ਕਲਜੁਗ ਨਾਲ ਹੋਈ ਗਲ-ਬਾਤ ਵਿਚ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਦਵੀ ਤੇ ਵੀ ਕੋਝਾ ਹਮਲਾ ? ਅਜੇਹੇ ਸਾਰੇ ਕੁਝ ਬਾਰੇ ਕੋਈ ਵੀ ਕਾਰਵਾਈ ਨਾ ਕਰਨ ਦਾ ਸਿੱਧਾ ਅਰਥ ਇਸ ਤੋਂ ਛੁੱਟ ਹੋਰ ਕੀ ਹੋ ਸਕਦਾ ਹੈ ਕਿ, ਖ਼ਾਲਸਾ ਪੰਥ ਦੀਆਂ ਸਰਬ-ਉੱਚ ਪਦਵੀਆਂ ਨੇ ਉਪਰੋਕਤ ਸਾਰੇ ਉਪੱਦਰ ਹੁੰਦੇ ਰਹਿਣ ਨੂੰ ਪੰਥ-ਪਰਵਾਨਤ ਬਣਾ ਦਿੱਤਾ ਹੈ ?

## ਖ਼ਾਲਸਾ ਜੀ ਦੀ ਸਰਬ ਉੱਚ ਅਦਾਲਤ ਦਾ ਲਿਖਿਆ ਫ਼ੈਸਲਾ ?

ਨਿਆਰੇ ਖ਼ਾਲਸਾ ਪੰਥ ਦੇ ਨਿਅਰੀ ਮਤਿ ਵਾਲੇ ਨਿਆਰੇ ਸਿੰਘ ਸਾਹਿਬਾਨ ਦੇ ਫ਼ੈਸਲੇ ਦੀ ਭਾਸ਼ਾ ਵੀ ਨਿਆਰੀ।

" ੧.ਤੁਸੀਂ ਪੰਦਰਾਂ (੧੫) ਦਿਨ ਰੋਜ਼ਾਨਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਇੱਕ ਘੰਟਾ ਕੀਰਤਨ ਸਰਵਣ ਕਰੋਗੇ। ੨.ਤੁਸੀਂ **ਇਸੇ ਹੀ ਸਮੇਂ ਦੌਰਾਨ** (ਭਾਵ-At the same time ?) ਰੋਜ਼ਾਨਾ ਇਕ ਘੰਟਾ ਇਕ ਘੰਟਾ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਨਿਭਾਉਗੇ। ੩.ਤੁਸੀਂ ਇਸੇ ਸਮੇ ਦੌਰਾਨ ( At the same time) ਇਕ ਘੰਟਾ ਗੁਰੂ ਰਾਮਦਾਸ ਲੰਗਰ ਵਿਖੇ ਬਰਤਣ ਮਾਂਜਣ ਦੀ ਸੇਵਾ ਕਰੋਗੇ। "

ਕਿਆ ਅਜੀਬ ਹੁਕਮ ਹੈ ? ਉਸੇ ਸਮੇ ਹਰਿਮੰਦਰ ਸਾਹਿਬ ਵਿਚ ਕੀਰਤਨ ਸਰਵਣ ਕਰਨਾ, ਉਸੇ ਸਮੇ ਜੋੜੇ ਖਾਨੇ ਤੇ ਉਸੇ ਸਮੇ ਲੰਗਰ ਵਿਚ ? ਇਕੋ ਆਦਮੀ ਇਕੋ ਸਮੇ ਤਿੰਨੀਂ ਥਾਂਈ ਹੋਣ ਦੀ ਗੱਲ ? ਪੁਰਾਣਕ ਗਾਥਾਂ ਵਿਚ ਇਕੋ ਦੈਂਤ ਕਈਆਂ ਰੂਪਾਂ ਵਿਚ ਇਕੋ ਸਮੇਂ ਕਈ ਥਾਈਂ ਯੁੱਧ ਕਰਦਾ ਦਰਸਾਇਆ ਮਿਲਦਾ ਹੈ ? ਅਤੇ ਜਾਂ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮ ਨਾਮੇ ਵਿਚ ? ਅਜੋਕੀਆਂ ਤੇ ਅਗਲੀਆਂ ਪੀੜ੍ਹੀਆਂ ਲਈ ਵਡਮੁੱਲੀ ਉਦਾਹਰਣ? ਉਂਜ ਤਾਂ ਸਿੰਘ ਸਾਹਿਬਾਨ ਨੇ ਆਪ ਵੀ ਆਪਣੇ ਵਿਚ ਭੁੱਲ ਕਦੇ ਨਹੀਂ ਮੰਨੀ, ਫਿਰ ਪੰਜਾਂ ਪਿਅਰਿਆਂ ਵਿਚ ਤਾਂ ਪਰਮੇਸ਼ਰ ਆਪ, ਆ ਬਿਰਾਜਿਆ ਹੁੰਦਾ ਹੈ। ਅਭੁੱਲ ਸਿੰਘਾਂ ਦੀ ਅਭੁੱਲ ਪੰਚਾਰਿਤ ਦੇ ਵਰ ਨਾਲ, ਸ਼ਾਇਦ ਦੋਸ਼ੀਆਂ ਦੇ ਰੂਪ ਤਿੰਨ ਤਿੰਨ ਹੋ ਗਏ ਹੋਣ ? ਜਾਂ ਸ਼ਾਇਦ ੪੦ ਮਿੰਟ ਕੀਰਤਨ ਸੁਣ ਕੇ ਫਿਰ ੧੦/੧੦ ਮਿੰਟ ਬਾਕੀ ਦੁਹੀਂ ਥਾਈਂ ਲਾਉਣ ਦੀ ਉਚੇਚੀ ਰਿਆਇਤ ਦਿੱਤੀ ਹੋਈ ਹੋਵੇ? ਸਿੱਖਾਂ ਵਿਚ ਅਗਿਅਨਤਾ ਕਾਇਮ-ਦਾਇਮ ਰੱਖਣ ਲਈ ਨਿਰਸੰਦੇਹ ਸਭ ਕੁਝ ਬੱਝਵੀ ਸਕੀਮ ਅਧੀਨ ਹੋ ਰਿਹਾ ਹੈ। ਨਹੀਂ ਤਾਂ ਭਲਾ ਸੋਧ ਪੱਤਰ ਭੇਜ ਕੇ ਭਰਮ ਦੂਰ ਕਰਨ ਵਿਚ ਖੁਨਾਮੀ ਕੀ ਹੋਵੇ ? ਲੋਕਾਂ ਦੀਆਂ ਅੱਖੀਆਂ ਵਿਚ ਘੱਟਾ ਪਾ ਰਿਹਾ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਕਿ, ਪੰਥਕ ਧ੍ਰੋਹ ?

# [5] ਕੀ ਇਹ ਵੀ ਸਚੁ ਹੀ ਹੈ ਜੀ ?

ਨੀਊਯਾਰਕ (ਅਮਰੀਕਾ) ਵਾਸੀ ਆਪ ਜੀ ਦਾ ਮੇਲੂ ਹੋਣ ਦੀਆਂ ਗੱਲਾਂ ਕਰਨ ਵਾਲੇ ਲੀਡਰ ਟਾਈਪ ਗੁਰਸਿੱਖ ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਹਿੰਦੇ ਸੁਣਿਆ ਹੈ ਕਿ, ਕੈਪਟਨ ਅਮਰਿੰਦਰ ਸਿੰਘ ਜੀ (ਪਟਿਅਲਾ) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਕੋਲ ਲਿਖਤੀ ਸ਼ਕਾਇਤ ਕੀਤੀ ਸੀ ਕਿ, **SGPC** ਦੇ ਪ੍ਰਧਾਨ ਹੋਣ ਦੀ ਹੈਸੀਅਤ ਵਿਚ, ਪੰਥ ਵਿਚੋਂ ਛੇਕੇ ਹੋਏ ਨਿਰੰਕਾਰੀ ਮੁਖੀ ਨੂੰ ਮਿਲਣ ਲਈ ਉਸਦੇ ਭਵਨ ਵਿਚ ਜਾ ਕੇ, ਸਿੱਖੀ ਪਰਮਪ੍ਰਾਵਾਂ ਨੂੰ ਸਖ਼ਤ ਹਾਨੀ ਪੁਚਾਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੁਲਾਏ ਜਾਣ ਤੇ ਟੋਹੜਾ ਸਾਹਿਬ ਨੇ (ਸ਼ਾਇਦ ਆਪਣੀ ਪਦਵੀ ਦੇ ਮਾਣ ਵਿਚ) ਲਿਖਤੀ ਬਿਆਨ ਦੇ ਦਿੱਤਾ ਕਿ, " ਉਹ ਭੁਲੇਖੇ ਨਾਲ ਨਿਰੰਕਾਰੀ ਭਵਨ ਵਿਚ ਜਾ ਵੜਿਆ ਸੀ. ਉਸ ਨੂੰ ਖਿਮਾ ਕੀਤਾ ਜਾਵੇ। " ਉਸ ਬਾਰੇ ਮਿਤੀ ੨੭ ਮਈ ੧੯੯੮ ਨੂੰ ਜਦ ਕਿ, ਸਿੰਘ ਸਾਹਿਬ ਰਣਜੀਤ ਸਿੰਘ, ਟੌਹੜੇ ਜੀ ਨੂੰ ਪੰਥ ਵਿਚੋਂ ਖ਼ਾਰਜ ਕਰਨ ਦੇ ਫ਼ੈਸਲੇ ਤੇ ਅੜਿਆ ਹੋਇਆ ਸੀ ਤਾਂ ਤੁਸੀ ਦੋਵੇ (ਤੁਸੀ ਅਤੇ ਸਿੰਘ ਸਾਹਿਬ ਕੇਵਲ ਸਿੰਘ ਜਥੇਦਾਰ ਤਖ਼ਤ ਦਮਦਮਾ ਸਾਹਿਬ) ਤਰਲੇ ਲੈਂਦੇ ਰਹੇ ਕਿ ਟੌਹੜਾ ਸਾਹਿਬ ਨੂੰ ਅਜੇਹੀ ਸਖ਼ਤ ਸਜ਼ਾ ਨਹੀਂ ਦੇਣੀ ਚਾਹੀਦੀ।

ਭਿਆਨਕ ਕਿਸਮ ਦੇ-ਮਦਾਰੀ ਟੋਹੜਾ ਸਾਹਿਬ ਦੇ ਅਸਰ ਹੇਠ ਆ ਕੇ, ਟੋਹੜੇ ਜੀ ਦਾ ਲਿਖਤੀ ਇਕਬਾਲ ਨਾਮਾ ਬਦਲ ਦਿੱਤਾ ਗਿਆ, ਅਤੇ ਜਥੇਦਾਰ ਰਣਜੀਤ ਸਿੰਘ ਬਿਆਨ ਬਾਜ਼ੀ ਕਰਨ ਲੱਗ ਪਏ ਕਿ ਕੈਪਟਨ ਅਮਰਿੰਦਰ ਸਿੰਘ ਵਲੋਂ ਪੁਚਾਈਆਂ ਤਸਵੀਰਾਂ ਬਨੌਟੀ ਹਨ, ਟੌਹੜਾ ਸਾਹਿਬ ਵਿਰੁੱਧ ਲਾਇਆ ਦੋਸ਼ ਸਾਬਤ ਨਹੀਂ ਹੋ ਰਿਹਾ ਆਦਿ, ਝੂਠ-ਭਾਸ਼ਨਬਾਜ਼ੀ ? ਜਦ ਜਥੇਦਾਰ ਰਣਜੀਤ ਸਿੰਘ ਨੇ ਟੌਹੜਾ ਸਾਹਿਬ ਨੂੰ ਨਿਰਦੋਸ਼ ਘੋਸ਼ਤ ਕਰਨ ਦਾ ਮਨ ਬਣਾ ਲਿਆ ਤਾਂ ਤੁਸੀਂ ਦੋਵੇ ਸਿੰਘ ਸਾਹਿਬ, ਜ਼ਿਦ ਕਰਦੇ ਰਹੇ-ਦਾਤਣਾ ਦੀ ਸੇਵਾ ਹੀ ਸਹੀ, ਪਰ ਕੋਈ ਮਾੜੀ ਮੋਟੀ ਤਨਖਾਹ ਜ਼ਰੂਰ ਲਾ ਦਿਉ "। **ਭਾਵ,** " ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੈਠ ਕੇ ਕੀਤੀ ਏਡੀ ਪੰਥਕ-ਦਗ਼ੇਬਾਜ਼ੀ ਸ਼ਾਇਦ, ਸਾਨੂੰ ਹਜ਼ਮ ਨਾ ਹੀ ਹੋਵੇ "?

(੧) ਖ਼ਾਲਸਾ ਪੰਥ ਦੀ ਸਰਬ-ਉੱਚ ਅਦਾਲਤ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਪਾਵਨਤਾ ਕਾਇਮ ਰੱਖਣ ਦੇ ਜ਼ਿੰਮੇਵਾਰ, ਸਿੰਘ ਸਾਹਿਬਾਂ ਨੇ ਸਤਿਗੁਰਾਂ ਦਾ ਅਤੇ ਪੰਥ ਦਾ ਡਰ-ਅਦਬ ਭੁੱਲ ਭੁਲਾ ਕੇ, ਟੌਹੜਾ ਸਾਹਿਬ ਦਾ ਇਕਬਾਲੀਆ ਬਿਅਨ ਬਦਲ ਕੇ, ਕੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਵਿਕਾਰ-ਏ-ਆਲੀਆ ਅਤੇ ਨਿਆਰੀ ਆਨ-ਬਾਨ ਵਾਲੀ ਪਾਵਨਤਾ ਨੂੰ ਘੱਟੇ ਵਿਚ ਰੋਲਣ ਦਾ, ਬੱਜਰ ਅਪਰਾਧ ਤਾਂ ਨਹੀਂ ਸੀ ਕੀਤਾ ਜੀ ?

(੨) ੨੧ ਜਨਵਰੀ ਨੂੰ ਛਪੇ ਸਿੰਘ ਸਾਹਿਬ ਕੇਵਲ ਸਿੰਘ ਜੀ ਦੇ ਬਿਆਨ ਅਨੁਸਾਰ. **(PTO)** ਜੇ ਤੁਹਾਨੂੰ ਭਰੋਸੇ ਵਿਚ ਲੈਣ ਤੋਂ ਬਿਨਾਂ ਟੌਹੜਾ ਸਾਹਿਬ ਦਾ ਬਿਆਨ ਬਦਲ ਦਿੱਤਾ ਗਿਆ ਸੀ, ਤਾਂ ਤੁਸਾਂ ਵੀ, (ਉਸ ਗੰਭੀਰ ਹੇਰਾ ਫੇਰੀ ਕਰਨ ਦੇ ਦੋਸ਼ੀ ਸਿੰਘ ਸਾਹਿਬ ਦਾ ਪੂਰਾ ਪੂਰਾ ਸਾਥ, ਚੁੱਪ-ਰੂਪ ਵਿਚ ਦਿੱਤਾ। ਇਸ ਤਰ੍ਹਾਂ ਕੀ ਤੁਸਾਂ ਦੋਹਾਂ ਨੇ ਵੀ, ਗੁਰ-ਪੰਥ ਨੂੰ ਹਨੇਰੇ ਵਿਚ ਰੱਖਣ ਵਾਲਾ ਗੰਭੀਰ ਪੰਥਕ ਧ੍ਰੋਹ ਨਾ ਕੀਤਾ ਜੀ ?

ਸਖ਼ਤ ਚਿੰਤਾ ਹੈ ਕਿ, ਕੀ ਵਾਕਿਆਂ ਹੀ ਅਜੋਕੇ ਜਥੇਦਾਰ ਸਾਹਿਬਾਨ ਦਾ ਅਚਰਨ ਏਡਾ ਢਿੱਲਾ ਹੋ ਚੁੱਕਾ ਹੈ ਜੀ ? ਕੀ ਵਾਕਿਆਂ ਹੀ, ਪੰਥ ਦੇ ਸਰਬ ਉੱਚ ਜਥੇਦਾਰ ਸਾਹਿਬਾਨ ਦੀ ਨਿੱਜੀ ਅਥਵਾ ਓਹਲੇ ਦੀ ਜ਼ਿੰਦਗੀ ਏਨੀ ਨੀਵੀਂ ਹੋਵੇਗੀ ਜੀ ? ਇਹ ਤੋਖ਼ਲਾ ਕਿਵੇਂ ਨਿਵਿਰਤ ਹੋਵੇ ਜੀ ?

ਭੁੱਲਾਂ ਦੀ ਖਿਮਾਂ, ਲਾਹੇਵੰਦ ਸੋਧ-ਪੱਤਰ ਦਾ ਉਡੀਕਵਾਨ। ਗੁਰਮਤਿ ਅਨੁਸਾਰ ਜੀਵਨ ਜੀਊਂ ਰਹੇ ਗੁਰਮੁਖਾਂ ਦੀ ਚਰਨ ਧੂੜ--

ਦਾਸਰਾ

ਸਦਾਤਾਰ ਜੀ ਚਰਨਾਂ ਵਿਚ ਅਰਦਾਸ ਹੈ ਕਿ-- ਗੁਰਬਖ਼ਸ਼ ਸਿੰਘ

**ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ, ਕਢਿ ਲੇਵਹੁ ਸਬਦਿ ਸੁਭਾਇ ਜੀਉ ॥**

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ

ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ ॥ ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ, ਗੁਰ ਚਰਣੀ ਜਨੁ ਲਾਗਾ ॥ ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ ॥ ਜਨ ਨਾਨਕ ਹਰਿ ਕਿਰਪਾ ਧਾਰੀ ਮਨਿ ਹਰਿ ਹਰਿ ਮੀਠਾ ਲਾਇ ਜੀਉ ॥ ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥ ੪ ॥{੪੪੬}